People's Herald

People's Herald

Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 29 ਜੂਨ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਕਾਂਗਰਸ ਸੱਤਾ ਵਿੱਚ ਹੁੰਦਿਆਂ ਅਤੇ ਹੁਣ ਭਾਜਪਾ ਦੀ ਸਰਕਾਰ, ਦੋਵਾਂ ਨੇ ਸੰਵਿਧਾਨ ਨੂੰ ਪੂਰੀ ਸ਼ਰਧਾ ਅਤੇ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ।

ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਇੱਕ ਵਾਰ ਫਿਰ ਕੇਂਦਰ ਸਰਕਾਰ ਅਤੇ ਵਿਰੋਧੀ ਪਾਰਟੀ ਕਾਂਗਰਸ ਦੋਵਾਂ 'ਤੇ ਤਿੱਖਾ ਹਮਲਾ ਕੀਤਾ ਹੈ। ਇੱਕ ਪ੍ਰੈਸ ਕਾਨਫਰੰਸ ਵਿੱਚ, ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਕਦੇ ਵੀ ਦੇਸ਼ ਦੇ ਕਰੋੜਾਂ ਵਾਂਝੇ ਅਤੇ ਦਲਿਤਾਂ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com

ਆਰਐਸਐਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੇਸਾਬਲੇ ਦੇ ਸੰਵਿਧਾਨ 'ਤੇ ਦਿੱਤੇ ਬਿਆਨ ਨੂੰ ਲੈ ਕੇ ਦੇਸ਼ ਵਿੱਚ ਸ਼ਬਦੀ ਜੰਗ ਚੱਲ ਰਹੀ ਹੈ। ਇਸ ਦੌਰਾਨ, ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ ਨੇ ਇੱਕ ਵਾਰ ਫਿਰ ਕੇਂਦਰ ਸਰਕਾਰ ਅਤੇ ਵਿਰੋਧੀ ਪਾਰਟੀ ਕਾਂਗਰਸ ਦੋਵਾਂ 'ਤੇ ਤਿੱਖਾ ਹਮਲਾ ਕੀਤਾ ਹੈ।

ਇੱਕ ਪ੍ਰੈਸ ਕਾਨਫਰੰਸ ਵਿੱਚ, ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਕਦੇ ਵੀ ਦੇਸ਼ ਦੇ ਕਰੋੜਾਂ ਵਾਂਝੇ ਅਤੇ ਦਲਿਤਾਂ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ।



ਆਰਐਸਐਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੇਸਾਬਲੇ ਨੇ ਇਸ ਮੁੱਦੇ 'ਤੇ ਰਾਸ਼ਟਰੀ ਬਹਿਸ ਦਾ ਸੱਦਾ ਦਿੱਤਾ ਹੈ ਕਿ ਕੀ 'ਧਰਮ ਨਿਰਪੱਖ' ਅਤੇ 'ਸਮਾਜਵਾਦੀ' ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਰਹਿਣੇ ਚਾਹੀਦੇ ਹਨ ਜਾਂ ਨਹੀਂ।

ਮਾਇਆਵਤੀ ਨੇ ਕਿਹਾ, "ਦੇਸ਼ ਦੇ ਸਮੁੱਚੇ ਸਮਾਜ ਦੀ ਭਲਾਈ ਅਤੇ ਭਲਾਈ ਲਈ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਾਰਤ ਨੂੰ ਸੰਵਿਧਾਨ ਦਿੱਤਾ। ਪਰ ਕਾਂਗਰਸ ਸੱਤਾ ਵਿੱਚ ਹੁੰਦਿਆਂ ਅਤੇ ਹੁਣ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ, ਦੋਵਾਂ ਨੇ ਇਸਨੂੰ ਪੂਰੀ ਸ਼ਰਧਾ ਅਤੇ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ।"

ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੇ ਸਮੇਂ-ਸਮੇਂ 'ਤੇ ਆਪਣੇ ਰਾਜਨੀਤਿਕ ਹਿੱਤਾਂ, ਵਿਚਾਰਧਾਰਾਵਾਂ ਅਤੇ ਨੀਤੀਆਂ ਦੇ ਅਨੁਸਾਰ ਸੰਵਿਧਾਨ ਵਿੱਚ ਬੇਲੋੜੇ ਬਦਲਾਅ ਕੀਤੇ ਹਨ।

ਉਨ੍ਹਾਂ ਕਿਹਾ, "ਅਕਸਰ ਦੇਖਿਆ ਜਾਂਦਾ ਹੈ ਕਿ ਕਾਂਗਰਸ ਅਤੇ ਭਾਜਪਾ ਇੱਕ ਦੂਜੇ ਨਾਲ ਮਿਲੀਭੁਗਤ ਕਰਦੇ ਹਨ ਅਤੇ ਸੰਵਿਧਾਨ ਦੇ ਮੂਲ ਰੂਪ ਨਾਲ ਛੇੜਛਾੜ ਕਰਦੇ ਹਨ।"

### ਹੇਸਾਬਲੇ ਨੇ ਕੀ ਕਿਹਾ?

ਤੁਹਾਨੂੰ ਦੱਸ ਦੇਈਏ ਕਿ ਆਰਐਸਐਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੇਸਾਬਲੇ ਨੇ ਇਸ ਮੁੱਦੇ 'ਤੇ ਰਾਸ਼ਟਰੀ ਬਹਿਸ ਦਾ ਸੱਦਾ ਦਿੱਤਾ ਹੈ ਕਿ ਕੀ 'ਧਰਮ ਨਿਰਪੱਖ' ਅਤੇ 'ਸਮਾਜਵਾਦੀ' ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਰਹਿਣੇ ਚਾਹੀਦੇ ਹਨ ਜਾਂ ਨਹੀਂ।

ਉਨ੍ਹਾਂ ਨੇ ਇਸਨੂੰ 'ਰਾਜਨੀਤਿਕ ਮੌਕਾਪ੍ਰਸਤੀ' ਅਤੇ ਸੰਵਿਧਾਨ ਦੀ ਭਾਵਨਾ 'ਤੇ 'ਜਾਣਬੁੱਝ ਕੇ ਕੀਤਾ ਗਿਆ ਹਮਲਾ' ਕਰਾਰ ਦਿੱਤਾ ਹੈ। ਹਾਲਾਂਕਿ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਦੇ ਬਿਆਨ ਦੀ ਆਲੋਚਨਾ ਕੀਤੀ ਹੈ।

ਐਮਰਜੈਂਸੀ (1975-77) ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ਾਮਲ ਦੋ ਸ਼ਬਦਾਂ ਦੀ ਸਮੀਖਿਆ ਲਈ ਹੋਸਾਬਲੇ ਦੀ ਜ਼ੋਰਦਾਰ ਵਕਾਲਤ ਨੇ ਰਾਜਨੀਤਿਕ ਵਿਵਾਦ ਨੂੰ ਜਨਮ ਦਿੱਤਾ ਹੈ।

# 2017 ਚੋਣਾਂ ਬਾਅਦ, ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਾਂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫ਼ੀ ਮੰਗ ਕੇ ਛੁੱਟ ਗਿਆ ਸੀ, ਪਰ...

ਕਦੋਂ ਸਮਾਂ ਬਦਲ ਜਾਵੇ ਪਤਾ ਹੀ ਨਹੀਂ ਲਗਦਾ, ਅੱਜ ਮੁਆਫੀ ਮੰਗਣ ਵਾਲੇ ਕੇਜਰੀਵਾਲ ਦਾ ਰਾਜ ਹੈ, ਮੁਆਫੀ ਦੇਣ ਵਾਲਾ ਮਜੀਠੀਆ ਹੁਣ ਨਸ਼ਿਆ ਦੇ ਕੇਸ ਵਿੱਚ ਉਲਝਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com







ਪੰਜਾਬ ਵਿਧਾਨ ਸਭਾ ਦੀਆਂ 2017 ਵਿੱਚ ਹੋਈਆਂ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਖਿਲਾਫ਼ ਇਸ ਤਰ੍ਹਾਂ ਦੀ ਮੁਹਿੰਮ ਵਿੱਢੀ ਗਈ। ਕੁੱਝ ਹੋਰ ਵਿਰੋਧੀ ਨੇਤਾਵਾਂ ਨੂੰ ਵੀ ਇਸ ਤਰ੍ਹਾਂ ਦੇ ਔਖੇ ਹਾਲਾਤਾਂ ਵਿੱਚੋਂ ਗੁਜਰਨਾ ਪਿਆ। ਆਮ ਆਦਮੀ ਪਾਰਟੀ ਦੇ ਨੇਤਾਵਾਂ ਨੇ ਕੁਝ ਚੋਣਵੇਂ ਨੇਤਾਵਾਂ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾ ਕੇ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਵੱਖਰੀ ਹੈ ਕਿ ਪਾਰਟੀ ਨੂੰ ਲੋਕ ਸਭਾ ਚੋਣਾਂ ਅਤੇ ਖਾਸ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਲੋੜੀਂਦੀ ਜਿੱਤ ਪ੍ਰਾਪਤ ਨਹੀਂ ਹੋ ਸਕੀ। ਪਾਰਟੀ ਸਿਆਸੀ ਹਾਸ਼ੀਏ ਉਪਰ ਚੱਲੀ ਗਈ ਹੈ ਤਾਂ ਸ੍ਰੀ ਅਰਵਿੰਦ ਕੇਜਰੀਵਾਲ ਨੇ ਮੁਆਫ਼ੀਨਾਮਿਆਂ ਮੰਗਣ ਦਾ ਦੋਰ ਚਲਿਆ। ਅੰਮ੍ਰਿਤਸਰ ਵਿੱਚ ਚੱਲ ਰਹੇ ਕੇਸ ਨੂੰ ਵਾਪਸ ਕਰਵਾਉਣ ਲਈ ਸ. ਮਜੀਠੀਆ ਤੋਂ ਅਦਾਲਤ ਵਿੱਚ ਲਿਖਤੀ ਮੁਆਫ਼ੀ ਮੰਗੀ ਗਈ।

### ਹੁਣ ਸਮਾਂ ਹੈ ਕਿ ਮਜੀਠੀਆ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ

ਇ ਨ ਫੋ ਰ ਸ ਮੈਂ ਟ ਡਾਇਰੈਕਟੋਰੇਟ (ਈਡੀ) ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅੱਜ ਵਿਜੀਲੈਂਸ ਬਿਊਰੋ ਦੇ ਦਫ਼ਤਰ ਪਹੁੰਚੇ ਤਾਂ ਜੋ ਸੀਨੀਅਰ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨਾਲ ਸਬੰਧਤ ਜਾਂਚ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾ ਸਕੇ।

ਨਿਰੰਜਨ ਸਿੰਘ ਨੇ ਪਹਿਲਾਂ ਮਜੀਠੀਆ ਵਿਰੁੱਧ ਡਰੱਗਜ਼ ਨਾਲ ਸਬੰਧਤ ਮਾਮਲੇ ਦੀ ਜਾਂਚ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਵਿਸਤ੍ਰਿਤ ਸਬੂਤ ਇਕੱਠੇ ਕਰਨ ਅਤੇ ਕੇਸ ਨੂੰ ਮਜ਼ਬੂਤ ਕਰਨ ਲਈ ਚੱਲ ਰਹੇ ਯਤਨਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਸੂਤਰਾਂ ਨੇ ਦੱਸਿਆ ਕਿ ਨਿਰੰਜਨ ਸਿੰਘ ਨੇ ਮਹੱਤਵਪੂਰਨ ਦਸਤਾਵੇਜ਼ ਸੌਂਪੇ ਅਤੇ ਈਡੀ ਦੁਆਰਾ ਆਪਣੇ ਕਾਰਜਕਾਲ ਦੌਰਾਨ ਕੀਤੀ ਗਈ ਪਿਛਲੀ ਜਾਂਚ ਸੰਬੰਧੀ ਸੂਚਨਾ ਸਾਂਝੀ ਕੀਤੀ। ਵਿਜੀਲੈਂਸ ਬਿਊਰੋ ਇਸ ਸਮੇਂ ਡਰੱਗਜ਼ ਮਾਮਲੇ ਵਿੱਚ ਕਥਿਤ ਖਾਮੀਆਂ ਅਤੇ ਸਬੰਧਾਂ ਦਾ ਪਤਾ ਲਗਾਉਣ ਲਈ ਮਾਮਲੇ ਦੀ ਮੁੜ ਜਾਂਚ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ "6 ਹਜ਼ਾਰ ਕਰੋੜ ਦੇ ਭੋਲਾ ਡਰੱਗ ਮਾਮਲੇ ਦੀ ਜਾਂਚ ਉਨ੍ਹਾਂ ਵੱਲੋਂ ਕੀਤੀ ਗਈ ਸੀ। ਇਸ ਮਾਮਲੇ ਵਿੱਚ 17 ਲੋਕਾਂ ਨੂੰ ਸਜਾ ਹੋ ਚੁਕੀ ਹੈ। ਉਸ ਸਮੇਂ ਬਿਕਰਮ ਮਜੀਠੀਆ ਦਾ ਨਾਮ ਸਿੱਧੇ ਤੌਰ 'ਤੇ ਨਹੀਂ ਆਇਆ ਸੀ। ਅੱਜ ਦੀ ਜਾਂਚ ਡਰੱਗ ਮਾਮਲੇ ਵਿੱਚ ਨਹੀਂ, ਸਗੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਹੈ। ਪਰ ਗਰਾਉਂਡ ਉਹੀ ਹੈ। ਇਸੇ ਲਈ ਬਿਆਨ ਦੇਣ ਲਈ ਬੁਲਾਇਆ ਗਿਆ ਸੀ

### ਕਸੂਤੇ ਫਸੇ Bikram Majithia, ਦਰਜ ਹੋਵੇਗਾ ਇਕ ਹੋਰ ਕੇਸ!

ਅਕਾਲੀ ਆਗੂ Bikram Majithia ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਵਿਜੀਲੈਂਸ ਬਿਊਰੋ ਵੱਲੋਂ ਦਿੱਤੀ ਗਈ ਨਵੀਂ ਸ਼ਿਕਾਇਤ ਮੁਤਾਬਕ, ਮਜੀਠੀਆ 'ਤੇ ਆਪਣੇ ਸਮਰਥਕਾਂ ਨੂੰ ਪੁਲਿਸ ਖਿਲਾਫ ਭੜਕਾਉਣ, ਜਾਂਚ ਟੀਮ ਨੂੰ ਧਮਕਾਉਣ, ਧੱਕਾ ਮੁੱਕੀ ਕਰਨ ਅਤੇ ਮਾਮਲੇ ਨਾਲ ਜੁੜੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਲੱਗੇ ਹਨ।

### Vigilance ਦੀ ਸਖਤ ਸ਼ਿਕਾਇਤ

ਵਿਜੀਲੈਂਸ ਟੀਮ ਨੇ ਦਾਅਵਾ ਕੀਤਾ ਹੈ ਕਿ ਰੇਡ ਦੌਰਾਨ ਮਜੀਠੀਆ ਦੇ ਘਰ 'ਚ ਮਾਮਲੇ ਨਾਲ ਸਬੰਧਤ ਅਹੰਕਾਰਪੂਰਨ ਦਸਤਾਵੇਜ਼ ਮੌਜੂਦ ਸਨ। ਟੀਮ ਜਦੋਂ ਉਨ੍ਹਾਂ ਦੀ ਤਲਾਸ਼ੀ ਲੈਣ ਲਈ ਪਹੁੰਚੀ, ਤਾਂ ਮਜੀਠੀਆ ਨੇ ਆਪਣੇ ਹਮਾਇਤੀਆਂ ਨੂੰ ਉਕਸਾ ਕੇ ਰੋਕਟੋਕ ਕੀਤੀ, ਜਿਸ ਕਾਰਨ ਨਾਂ ਹੀ ਤਲਾਸ਼ੀ ਹੋ ਸਕੀ, ਨਾਂ ਹੀ ਸਬੂਤ ਇਕੱਠੇ ਹੋ ਸਕੇ।

### 540 ਕਰੋੜ ਦੀ ਨਸ਼ਾ ਰਕਮ ਅਤੇ ਨਵਾਂ ਮਾਮਲਾ

ਜਾਂਚ ਅਧਿਕਾਰੀਆਂ ਦੇ ਅਨੁਸਾਰ, ਇਹ ਪ੍ਰਾਪਰਟੀ 540 ਕਰੋੜ ਦੀ ਮਾਨੀ ਜਾ ਰਹੀ ਡਰੱਗ ਮਨੀ ਨਾਲ ਸੰਬੰਧਤ ਹੈ। ਦੱਸਿਆ ਜਾ ਰਿਹਾ ਹੈ ਕਿ ਕਈ ਅੰਤਰਰਾਸ਼ਟਰੀ ਨਸ਼ਾ ਤਸਕਰ ਇਸ ਘਰ ਵਿੱਚ ਆ ਕੇ ਠਹਿਰਦੇ ਰਹੇ ਹਨ। ਹੁਣ ਵਿਜੀਲੈਂਸ ਟੀਮ ਦੀ ਸਿਫ਼ਾਰਸ਼ 'ਤੇ ਪੁਲਿਸ ਵੱਲੋਂ ਮਜੀਠੀਆ ਖ਼ਿਲਾਫ਼ ਨਵਾਂ ਕੇਸ ਦਰਜ ਕੀਤਾ ਜਾ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਸ਼ਰਨ ਮੰਗਣ ਵਾਲੇ ਲੱਖਾਂ ਪ੍ਰਵਾਸੀ ਕੀਤੇ ਜਾਣਗੇ ਡਿਪੋਰਟ!

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com

ਵਾਸ਼ਿੰਗਟਨ, 27 ਜੂਨ (ਰਾਜ ਗੋਗਨਾ/ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਵੱਲੋਂ ਪ੍ਰਵਾਸੀਆਂ ਨੂੰ ਅਮਰੀਕਾ ਵਿੱਚ ਸੁਰੱਖਿਆ ਪ੍ਰਾਪਤ ਕਰਨ ਤੋਂ ਰੋਕਣ ਅਤੇ ਦੇਸ਼ ਨਿਕਾਲਾ ਦੇਣ ਲਈ ਨਵਾਂ ਕਦਮ ਚੁੱਕਿਆ ਗਿਆ ਹੈ। ਜਿਵੇਂ ਕਿ ਸੰਘੀ ਅਧਿਕਾਰੀਆਂ 'ਤੇ ਇਤਿਹਾਸਕ ਇਮੀਗ੍ਰੇਸ਼ਨ ਗ੍ਰਿਫਤਾਰੀ ਨੰਬਰ ਪ੍ਰਦਾਨ ਕਰਨ ਲਈ ਦਬਾਅ ਪੈਂਦਾ ਹੈ, ਪ੍ਰਸ਼ਾਸਨ ਦੇ ਅਧਿਕਾਰੀ ਚੁੱਪ-ਚਾਪ ਹੋਰ ਲੋਕਾਂ ਨੂੰ ਹਟਾਉਣ ਦੇ ਯੋਗ ਬਣਾਉਣ ਦੇ ਯਤਨਾਂ 'ਤੇ ਕੰਮ ਕਰ ਰਹੇ ਹਨ। ਇਸ ਮਾਮਲੇ ਵਿੱਚ ਜਿਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਉਹ ਹਨ ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਏ ਅਤੇ ਬਾਅਦ ਵਿਚ ਸ਼ਰਣ ਲਈ ਅਰਜ਼ੀ ਦਿੱਤੀ। ਉਨ੍ਹਾਂ ਦੇ ਕੇਸ ਬੰਦ ਹੋਣ ਦੀ ਉਮੀਦ ਹੈ, ਇਸ ਲਈ ਉਨ੍ਹਾਂ ਨੂੰ ਦੇਸ਼ ਨਿਕਾਲਾ ਮਿਲਣ ਦਾ ਖ਼ਤਰਾ ਹੈ। ਇਹ ਲੱਖਾਂ ਸ਼ਰਣ ਬਿਨੈਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅੰਦਰੂਨੀ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਅਕਤੂਬਰ ਤੋਂ ਬਾਅਦ ਆਈ.ਸੀ.ਈ. ਵੱਲੋਂ ਹਿਰਾਸਤ ਵਿਚ ਲਏ ਗਏ 10% ਤੋਂ ਵੀ ਘੱਟ ਪ੍ਰਵਾਸੀਆਂ ਨੂੰ ਗੰਭੀਰ ਅਪਰਾਧਿਕ ਸਜ਼ਾਵਾਂ ਮਿਲੀਆਂ ਸਨ। ਪਿਛਲੇ ਦਹਾਕੇ ਦੌਰਾਨ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼, ਜਾਂ ਯੂ.ਐੱਸ.ਸੀ.ਆਈ.ਐੱਸ. ਕੋਲ ਸ਼ਰਣ ਲਈ ਅਰਜ਼ੀ ਦੇਣ ਵਾਲੇ ਜ਼ਿਆਦਾਤਰ ਬਿਨੈਕਾਰਾਂ ਨੇ ਖੁਦ ਦੱਸਿਆ ਕਿ ਉਹ ਅਮਰੀਕਾ ਵਿਚ ਕਿਵੇਂ ਦਾਖਲ ਹੋਏ, ਲਗਭਗ 25 ਪ੍ਰਤੀਸ਼ਤ ਨੇ ਕਿਹਾ ਕਿ ਉਹ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਏ। 2023 ਵਿਚ ਸ਼ਰਨ ਲੈਣ ਵਾਲਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਇੱਕ ਸੰਘੀ ਰਿਪੋਰਟ ਅਨੁਸਾਰ ਇਹ ਘੱਟੋ-ਘੱਟ ਇੱਕ ਚੌਥਾਈ ਮਿਲੀਅਨ ਲੋਕਾਂ ਦੇ ਬਰਾਬਰ ਹੈ। ਬਾਕੀ ਵੱਖ-ਵੱਖ ਵੀਜ਼ਿਆਂ ਰਾਹੀਂ ਪ੍ਰਵੇਸ਼ ਬੰਦਰਗਾਹ ਰਾਹੀਂ ਕਾਨੂੰਨੀ ਤੌਰ 'ਤੇ ਦਾਖਲ ਹੋਏ।

ਅਮਰੀਕੀ ਕਾਨੂੰਨ ਤਹਿਤ ਉਹ ਲੋਕ ਜੋ ਆਪਣੇ ਦੇਸ਼ ਵਿਚ ਹਿੰਸਾ ਜਾਂ ਅਤਿਆਚਾਰ ਤੋਂ ਸੁਰੱਖਿਆ ਦੀ ਮੰਗ ਕਰ ਰਹੇ ਹਨ, ਉਹ ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਲਈ ਸ਼ਰਣ ਦਾ ਦਾਅਵਾ ਕਰ ਸਕਦੇ ਹਨ। ਟਰੰਪ ਨੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਸ਼ਰਣ ਦਾ ਦਾਅਵਾ ਕਰਨ ਦੀ ਪਹੁੰਚ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੀਲ ਕਰ ਦਿੱਤਾ। ਸੰਘੀ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਇਸ ਵੇਲੇ ਲਗਭਗ 1.45 ਮਿਲੀਅਨ ਲੋਕ ਸਕਾਰਾਤਮਕ ਸ਼ਰਣ ਲੈਣ ਦੀਆਂ ਅਰਜ਼ੀਆਂ ਦੇ ਨਾਲ ਹਨ। ਸੀ.ਐੱਨ.ਐੱਨ. ਅਨੁਸਾਰ ਯੂ.ਐੱਸ.ਸੀ.ਆਈ.ਐੱਸ. ਜੋ ਕਿ ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਅਧੀਨ ਆਉਂਦਾ ਹੈ ਅਤੇ ਸੰਘੀ ਇਮੀਗ੍ਰੇਸ਼ਨ ਲਾਭਾਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ, ਨੂੰ ਹੋਮਲੈਂਡ ਸਿਕਿਓਰਿਟੀ ਸਕੱਤਰ ਕ੍ਰਿਸਟੀ ਨੋਏਮ ਦੁਆਰਾ ਉਨ੍ਹਾਂ ਵਿਅਕਤੀਆਂ ਨੂੰ ਫਾਸਟ-ਟਰੈਕ ਦੇਸ਼ ਨਿਕਾਲੇ ਦੀ ਕਾਰਵਾਈ ਵਿਚ ਰੱਖਣ ਦੇ ਨਾਲ-ਨਾਲ "ਇਮੀਗ੍ਰੇਸ਼ਨ ਕਾਨੂੰਨਾਂ ਦੀ ਸਿਵਲ ਅਤੇ ਅਪਰਾਧਿਕ ਉਲੰਘਣਾਵਾਂ ਨੂੰ ਲਾਗੂ ਕਰਨ ਲਈ ਵਾਧੂ ਕਾਰਵਾਈਆਂ ਕਰਨ" ਦਾ ਅਧਿਕਾਰ ਵੀ ਸੌਂਪਿਆ ਗਿਆ ਹੈ।



ਟਰੰਪ ਪ੍ਰਸ਼ਾਸਨ ਨੇ ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਨੂੰ ਦੱਸਿਆ ਕਿ ਉਨ੍ਹਾਂ ਦੀ ਕਾਨੂੰਨੀ ਸਥਿਤੀ ਖਤਮ ਕਰ ਦਿੱਤੀ ਗਈ ਹੈ। ਟਰੰਪ ਅਧਿਕਾਰੀਆਂ ਨੇ ਇਸ ਸਾਲ ਦੇ ਸ਼ੁਰੂ ਵਿਚ ਫਾਸਟ-ਟਰੈਕ ਦੇਸ਼ ਨਿਕਾਲੇ ਦਾ ਵਿਸਤਾਰ ਕੀਤਾ, ਤਾਂ ਜੋ ਅਮਰੀਕਾ ਵਿਚ ਕਿਤੇ ਵੀ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਸ਼ਾਮਲ ਕੀਤਾ ਜਾ ਸਕੇ, ਜੋ ਇਹ ਸਾਬਤ ਨਹੀਂ ਕਰ ਸਕਦੇ ਕਿ ਉਹ ਲਗਾਤਾਰ ਦੋ ਸਾਲ ਜਾਂ ਵੱਧ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਪ੍ਰਸ਼ਾਸਨ ਨੇ ਪਹਿਲਾਂ ਇਮੀਗ੍ਰੇਸ਼ਨ ਜੱਜਾਂ ਨੂੰ ਇਹ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਸੁਣਵਾਈ ਕੀਤੇ ਬਿਨਾਂ "ਕਾਨੂੰਨੀ ਤੌਰ 'ਤੇ ਕਮਜ਼ੋਰ" ਸ਼ਰਣ ਲੈਣ ਦੇ ਮਾਮਲਿਆਂ ਨੂੰ ਖਾਰਜ ਕਰ ਦੇਣਾ ਚਾਹੀਦਾ ਹੈ।

# ਪੰਜਾਬ ਜੇਲ ਵਿਭਾਗ ਦੇ 25 ਅਧਿਕਾਰੀ ਮੁਅੱਤਲ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਵਿਰੁੱਧ ਮਾਨ ਸਰਕਾਰ ਦੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com

ਭਗਵੰਤ ਮਾਨ ਸਰਕਾਰ ਨੇ ਜੇਲਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਜੇਲਾਂ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਅਨੁਸ਼ਾਸਨ ਨੂੰ ਯਕੀਨੀ ਬਣਾਉਣ ਲਈ, ਸੂਬਾ ਸਰਕਾਰ ਨੇ 25 ਜੇਲ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ।

ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ 3 ਡਿਪਟੀ ਸੁਪਰਡੈਂਟ, 2 ਸਹਾਇਕ ਸੁਪਰਡੈਂਟ ਅਤੇ ਵੱਖ-ਵੱਖ ਜੇਲਾਂ ਦੇ ਕੁੱਲ 25 ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਹਨ। ਸਰਕਾਰ ਨੂੰ ਇਨ੍ਹਾਂ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ, ਲਾਪਰਵਾਹੀ ਅਤੇ ਜੇਲ ਅੰਦਰ ਡਰੱਗ ਨੈੱਟਵਰਕ ਨੂੰ ਉਤਸ਼ਾਹਿਤ ਕਰਨ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ।

ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਸੂਬੇ ਵਿੱਚ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾਵੇਗੀ ਅਤੇ ਕੋਈ ਵੀ ਹੋਵੇ, ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਜੇਲ ਵਿਭਾਗ ਅੰਦਰ ਲੰਬੇ ਸਮੇਂ ਤੋਂ ਚੱਲ ਰਹੀਆਂ ਬੇਨਿਯਮੀਆਂ ਦੇ ਮੱਦੇਨਜ਼ਰ ਇਹ ਕਾਰਵਾਈ ਉਸੇ ਨੀਤੀ ਤਹਿਤ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਸਰਕਾਰ ਨੂੰ ਕਈ ਜੇਲਾਂ ਤੋਂ ਨਸ਼ੀਲੇ ਪਦਾਰਥਾਂ ਦੀ ਸਪਲਾਈ, ਮੋਬਾਈਲ ਫ਼ੋਨਾਂ ਦੀ ਤਸਕਰੀ, ਕੈਦੀਆਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਰਿਸ਼ਵਤਖ਼ੋਰੀ ਦੀਆਂ ਲਗਾਤਾਰ ਰਿਪੋਰਟਾਂ ਮਿਲ ਰਹੀਆਂ ਸਨ। ਹਾਲ ਹੀ ਵਿੱਚ ਕੁਝ ਜੇਲਾਂ ਵਿਚ ਕੀਤੇ ਗਏ ਦੌਰਿਆਂ ਅਤੇ ਜਾਂਚਾਂ ਵਿੱਚ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਹੋਈ ਸੀ, ਜਿਸ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ।

ਪੰਜਾਬ ਸਰਕਾਰ ਜੇਲਾਂ ਵਿੱਚੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਜੇਲ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਭਵਿੱਖ ਵਿੱਚ ਕੋਈ ਲਾਪਰਵਾਹੀ ਜਾਂ ਮਿਲੀਭੁਗਤ ਪਾਈ ਗਈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਫਿਦਾਈਨ ਹਮਲੇ ਵਿਚ ਸੁਰੱਖਿਆ ਬਲਾਂ ਦੇ 13 ਜਵਾਨ ਹਲਾਕ ਹੋ ਗਏ ਜਦੋਂਕਿ 24 ਹੋਰ ਜ਼ਖ਼ਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com



ਪਾਕਿਸਤਾਨ ਦੇ ਉੱਤਰ-ਪੱਛਮੀ ਖ਼ੈਬਰ ਪਖ਼ਤੂਨਖ਼ਵਾ ਸੂਬੇ ਵਿਚ ਅੱਜ ਸਵੇਰੇ ਫਿਦਾਈਨ ਹਮਲੇ ਵਿਚ ਸੁਰੱਖਿਆ ਬਲਾਂ ਦੇ 13 ਜਵਾਨ ਹਲਾਕ ਹੋ ਗਏ ਜਦੋਂਕਿ 24 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਸੂਤਰਾਂ ਨੇ ਕਿਹਾ ਕਿ ਖ਼ੁਦਕੁਸ਼ ਬੰਬਾਰ ਨੇ ਉੱਤਰੀ ਵਜ਼ੀਰਿਸਤਾਨ ਜ਼ਿਲ੍ਹੇ ਦੇ ਖੱਡੀ ਇਲਾਕੇ ਵਿਚ ਅੱਜ ਸਵੇਰੇ ਵਿਸਫੋਟਕਾਂ ਨਾਲ ਲੱਦਿਆਂ ਵਾਹਨ ਬੰਬ ਨਕਾਰਾ ਯੂਨਿਟ ਦੇ ਵਾਹਨ ਵਿਚ ਮਾਰਿਆ। ਜ਼ਖ਼ਮੀਆਂ ਵਿਚ 14 ਆਮ ਨਾਗਰਿਕ ਹਨ, ਜਿਨ੍ਹਾਂ ਵਿਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ ਹਨ। ਜ਼ਖ਼ਮੀਆਂ 'ਚੋਂ ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਸੂਤਰਾਂ ਨੇ ਕਿਹਾ ਕਿ ਫੌਜ ਦੀ ਆਮਦੋਰਫ਼ਤ ਕਰਕੇ ਹਮਲੇ ਮੌਕੇ ਇਲਾਕੇ ਵਿਚ ਕਰਫਿਊ ਆਇਦ ਸੀ। ਧਮਾਕੇ ਮਗਰੋਂ ਸੁਰੱਖਿਆ ਏਜੰਸੀਆਂ ਨੇ ਰਾਹਤ ਤੇ ਬਚਾਅ ਕਾਰਜ ਵਿੱਢ ਦਿੱਤੇ ਹਨ। ਹਮਲੇ ਦੀ ਜ਼ਿੰਮੇਵਾਰੀ ਉਸੁਦ ਅਲ-ਅਰਬ ਨਾਂ ਦੇ ਦਹਿਸ਼ਤੀ ਸਮੂਹ ਨੇ ਲਈ ਹੈ, ਜੋ ਅੱਗੇ ਹਾਫਿਜ਼ ਗੁਲ ਬਹਾਦੁਰ ਗਰੁੱਪ ਦਾ ਹੀ ਧੜਾ ਹੈ। ਫਿਦਾਈਨ ਹਮਲੇ ਨੂੰ ਹਾਲੀਆ ਮਹੀਨਿਆਂ ਵਿਚ ਉੱਤਰੀ ਵਜ਼ੀਰਿਸਤਾਨ ਵਿਚ ਸਭ ਤੋਂ ਘਾਤਕ ਹਮਲਾ ਮੰਨਿਆ ਜਾ ਰਿਹਾ ਹੈ, ਜਿਸ ਨੇ ਖਿੱਤੇ ਵਿਚ ਸੁਰੱਖਿਆ ਨਾਲ ਜੁੜੇ ਫ਼ਿਕਰਾਂ ਨੂੰ ਵਧਾ ਦਿੱਤਾ ਹੈ। -ਪੀਟੀਆਈ

# ਜੱਗੂ ਭਗਵਾਨਪੁਰੀਆ ਦੀ ਮਾਂ ਦੇ ਕਤਲ ਤੋਂ ਬਾਅਦ ਵਿਵਾਦ ਗਹਿਰਾਇਆ

## – ਪਰਿਵਾਰ ਵੱਲੋਂ ਅੰਤਿਮ ਸਸਕਾਰ ਕਰਨ ਤੋਂ ਇਨਕਾਰ, ਹਾਈਵੇਅ 'ਤੇ ਲਾਇਆ ਧਰਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com



ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਦੇ ਕਤਲ ਤੋਂ ਬਾਅਦ ਪਰਿਵਾਰ ਨੇ ਹੁਣ ਮ੍ਰਿਤਕ ਹਰਜੀਤ ਕੌਰ ਦਾ ਅੰਤਿਮ ਸੰਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪਰਿਵਾਰ ਨੇ ਲਾਸ਼ ਨੂੰ ਬਟਾਲਾ ਬਾਈਪਾਸ 'ਤੇ ਰੱਖ ਕੇ ਧਰਨਾ ਪ੍ਰਦਰਸ਼ਨ ਕੀਤਾ। ਇਸ ਕਾਰਨ ਅੰਮ੍ਰਿਤਸਰ-ਪਠਾਨਕੋਟ ਹਾਈਵੇਅ ਪੂਰੀ ਤਰ੍ਹਾਂ ਪ੍ਰਭਾਵਿਤ ਰਿਹਾ। ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਤੱਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਅੰਤਿਮ ਸਸਕਾਰ ਨਹੀਂ ਕੀਤਾ ਜਾਵੇਗਾ।

ਦੱਸ ਦਈਏ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਤਾ ਅਤੇ ਇਕ ਹੋਰ ਰਿਸ਼ਤੇਦਾਰ ਨੌਜਵਾਨ ਕਰਨਵੀਰ ਦਾ ਬੀਤੇ ਦਿਨੀਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ ਘਟਨਾ ਵੀਰਵਾਰ ਰਾਤ ਕਰੀਬ 9.07 ਵਜੇ ਬਟਾਲਾ ਦੇ ਅਰਬਨ ਅਸਟੇਟ ਇਲਾਕੇ ਵਿੱਚ ਵਾਪਰੀ। ਹਰਜੀਤ ਕੌਰ ਕਰਨਵੀਰ ਨਾਲ ਕਾਰ ਵਿੱਚ ਆਈ ਸੀ। ਕਰਨਵੀਰ ਡਰਾਈਵਿੰਗ ਸੀਟ 'ਤੇ ਮੌਜੂਦ ਸੀ, ਜਦੋਂ ਕਿ ਹਰਜੀਤ ਉਸਦੇ ਨਾਲ ਵਾਲੀ ਸੀਟ 'ਤੇ ਸੀ। ਇਸ ਦੌਰਾਨ ਦੋ ਨੌਜਵਾਨ ਕਾਰ ਦੀ ਡਰਾਈਵਿੰਗ ਸੀਟ ਵੱਲ ਆਏ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਬਾਰੀ ਕਰਨ ਤੋਂ ਬਾਅਦ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ। ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਦੋਵਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਵਿਜੀਲੈਂਸ ਨੇ ਮਲੇਰਕੋਟਲਾ ਡੀ.ਈ.ਓ. ਦਫ਼ਤਰ ਦਾ ਕਲਰਕ 20000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕੀਤਾ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com



ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਅੱਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ), ਮਾਲੇਰਕੋਟਲਾ ਦੇ ਦਫ਼ਤਰ ਵਿਖੇ ਤਾਇਨਾਤ ਕਲਰਕ ਵਿਕਾਸ ਜਿੰਦਲ ਨੂੰ ਇੱਕ ਅਧਿਆਪਕ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਦੇ ਮੁਤਾਬਕ ਮੁਲਜ਼ਮ ਕਲਰਕ ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਬਾਗੜੀਆਂ ਦੇ ਸ਼ਿਕਾਇਤਕਰਤਾ ਅਧਿਆਪਕ ਤੋਂ ਡੀ.ਈ.ਓ. ਦਫ਼ਤਰ ਵਿੱਚ ਉਸਦੇ ਬਕਾਇਆ ਭੱਤੇ ਜਾਰੀ ਕਰਨ ਬਦਲੇ 30,000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਕਲਰਕ ਪਹਿਲਾਂ ਹੀ ਉਸ ਕੋਲੋਂ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ ਦੀ ਰਕਮ ਮੰਗ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਕਲਰਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਲੈਂਦਿਆਂ ਕਾਬੂ ਕਰ ਲਿਆ ਅਤੇ ਰਿਸ਼ਵਤ ਵਾਲੀ ਰਕਮ ਦੇ ਰੰਗੇ ਹੋਏ ਨੋਟ ਮੌਕੇ 'ਤੇ ਹੀ ਬਰਾਮਦ ਕਰ ਲਏ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ, ਵਿਜੀਲੈਂਸ ਬਿਊਰੋ ਨੇ ਜਨਤਾ ਨੂੰ ਭ੍ਰਿਸ਼ਟਾਚਾਰ ਦੇ ਕਿਸੇ ਵੀ ਮਾਮਲੇ ਦੀ ਸੂਚਨਾ ਹੈਲਪਲਾਈਨ ਨੰਬਰਾਂ ਜਾਂ ਅਧਿਕਾਰਤ ਚੈਨਲਾਂ ਰਾਹੀਂ ਦੇਣ ਦੀ ਅਪੀਲ ਕੀਤੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਗੁਪਤ ਰੱਖਣ ਦਾ ਭਰੋਸਾ ਦਿੱਤਾ ਹੈ।

# ਸਰਕਾਰੀ ਸਕੂਲਾਂ ਦੇ ਮਿਡ ਡੇ ਮੀਲ menu ਵਿੱਚ ਬਦਲਾਅ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 9463601616
hardipchumber57@gmail.com

ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਮਿਡ-ਡੇਅ ਮੀਲ ਵਿੱਚ ਨਵਾਂ ਬਦਲਾਅ ਕੀਤਾ ਗਿਆ ਹੈ। ਇਸ ਵਾਰ, ਪ੍ਰਧਾਨ ਮੰਤਰੀ ਪੋਸ਼ਣ ਯੋਜਨਾ ਦੇ ਤਹਿਤ, ਮਿਡ-ਡੇਅ ਮੀਲ ਦੇ ਹਫਤਾਵਾਰੀ ਮੀਨੂ ਵਿੱਚ ਕਈ ਮਹੱਤਵਪੂਰਨ ਸੁਧਾਰ ਕੀਤੇ ਗਏ ਹਨ, ਜਿਸਦਾ ਉਦੇਸ਼ ਬੱਚਿਆਂ ਨੂੰ ਪੌਸ਼ਟਿਕ ਅਤੇ ਸੰਤੁਲਿਤ ਭੋਜਨ ਪ੍ਰਦਾਨ ਕਰਨਾ ਹੈ। ਸਿੱਖਿਆ ਵਿਭਾਗ ਨੇ 1 ਜੁਲਾਈ ਤੋਂ 31 ਜੁਲਾਈ ਤੱਕ ਲਾਗੂ ਕੀਤੇ ਜਾਣ ਵਾਲੇ ਨਵੇਂ ਮਿਡ-ਡੇਅ ਮੀਲ ਮੀਨੂ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਹਫ਼ਤਾਵਾਰੀ ਮੀਨੂ ਵਿੱਚ ਕੀ ਉਪਲਬਧ ਹੋਵੇਗਾ?

ਸੋਮਵਾਰ: ਦਾਲ ਅਤੇ ਰੋਟੀ

ਮੰਗਲਵਾਰ: ਰਾਜਮਾ-ਚਾਵਲ ਅਤੇ ਖੀਰ

ਬੁੱਧਵਾਰ: ਕਾਲੇ-ਚਿੱਟੇ ਛੋਲੇ (ਆਲੂਆਂ ਦੇ ਨਾਲ) ਅਤੇ ਪੂਰੀ ਰੋਟੀ

ਵੀਰਵਾਰ: ਕੜ੍ਹੀ (ਆਲੂ ਅਤੇ ਪਿਆਜ਼ ਪਕੌੜਿਆਂ ਦੇ ਨਾਲ) ਅਤੇ ਚੌਲ

ਸ਼ੁੱਕਰਵਾਰ: ਮੌਸਮੀ ਸਬਜ਼ੀਆਂ ਦੇ ਨਾਲ ਰੋਟੀ

ਸ਼ਨੀਵਾਰ: ਸਾਬਤ ਦਾਲ, ਚੌਲ ਅਤੇ ਮੌਸਮੀ ਫਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ ਰਾਜਨੀਤਿਕ ਵਰਤਾਰਾ ਹੋਣ ਵਾਲੀ ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ



## (ਕਲ੍ਹ ਦੇ ਲੇਖ ਦਾ ਬਾਕੀ ਭਾਗ)

33. ਸਾਡੇ ਵਿੱਚੋਂ ਜਿਹੜੇ ਲੋਕ ਕਾਂਗਰਸ ਦੀ ਸੇਵਾ ਕਰਨ ਲਈ ਚਿੰਤਤ ਹਨ, ਉਨ੍ਹਾਂ ਨੂੰ ਭਰੋਸਾ ਹੈ ਕਿ ਸਵਰਾਜ ਤੋਂ ਬਾਅਦ ਕਾਂਗਰਸ ਸਾਡੀ ਸੇਵਾ ਤੋਂ ਖੁਸ਼ ਹੋਵੇਗੀ ਅਤੇ ਸਾਡੀ ਛੂਤ-ਛਾਤ ਨੂੰ ਦੂਰ ਕਰਕੇ ਸਾਨੂੰ ਇਨਾਮ ਦੇਵੇਗੀ। ਜੇਕਰ ਅਸੀਂ ਹੁਣ ਇਸਦੀ ਸੇਵਾ ਨਹੀਂ ਕਰਦੇ ਤਾਂ ਕਾਂਗਰਸ ਪਾਰਟੀ ਸਾਡੇ ਇਸ ਗਲਤੀ ਲਈ ਸਾਨੂੰ ਅਪਰਾਧੀ ਮੰਨੇਗੀ। ਮੈਂ ਸਿਰਫ਼ ਇਹੀ ਕਹਾਂਗਾ ਕਿ ਬਿਨਾਂ ਕਿਸੇ ਕੀਮਤ ਦੇ ਸੇਵਾ ਦਾ ਇਨਾਮ ਬਹੁਤ ਘੱਟ ਮਿਲਦਾ ਹੈ। ਪਰ ਮੈਂ ਇਹ ਕਹਿਣ ਦੀ ਕਾਹਲੀ ਵਿੱਚ ਹਾਂ ਕਿ ਕਾਂਗਰਸ ਨੂੰ ਕੋਈ ਕਿੰਨੀ ਵੀ ਸੇਵਾ ਕਿਉਂ ਨਾ ਕਰੇ, ਸਵਰਾਜ ਤੋਂ ਬਾਅਦ ਉਸਨੂੰ ਲੱਭਦਾ ਹੀ ਰਹਿ ਜਾਵੇਗਾ। ਫਿਰ ਸਾਨੂੰ ਆਪਣੇ ਸਾਧਨਾਂ 'ਤੇ ਨਿਰਭਰ ਕਰਨਾ ਪਵੇਗਾ, ਕਿਉਂਕਿ ਉਦੋਂ ਤੱਕ ਕਾਂਗਰਸ ਆਪਣੇ ਸਵਰਾਜ ਦੇ ਟੀਚੇ ਨੂੰ ਪ੍ਰਾਪਤ ਕਰਕੇ ਦ੍ਰਿਸ਼ ਤੋਂ ਅਲੋਪ ਹੋ ਜਾਵੇਗੀ, ਅਤੇ ਹੈਮਿਲਟਨ ਦੇ ਸ਼ਬਦਾਂ ਦੀ ਵਰਤੋਂ ਕਰਨ ਲਈ, "ਸਾਨੂੰ ਫਿਰ ਦੇਸ਼ ਦੇ ਮਹਾਨ ਜ਼ਾਲਮ ਜ਼ਾਲਮ ਦਾ ਸਾਹਮਣਾ ਕਰਨਾ ਪਵੇਗਾ, ਜੋ ਨਸ਼ੇ ਦੀ ਹਾਲਤ ਵਿੱਚ ਹੋਵੇਗਾ।" ਮੈਨੂੰ ਸ਼ੱਕ ਹੈ ਕਿ ਕੀ ਮਹਾਤਮਾ ਗਾਂਧੀ, ਜਿਸਦੇ ਸਮਰਥਨ ਵਿੱਚ ਸਾਨੂੰ ਆਪਣੇ ਸਾਰੇ ਦੁੱਖ ਭੁੱਲਣ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਕਿਹਾ ਗਿਆ ਹੈ, ਉਸ ਸਮੇਂ ਸਾਡੀ ਮਦਦ ਕਰ ਸਕਣਗੇ, ਭਾਵੇਂ ਉਹ ਉਸ ਸਮੇਂ ਤੱਕ ਜ਼ਿੰਦਾ ਹੋਵੇ, ਕਿਉਂਕਿ ਕੁਦਰਤ ਮਨੁੱਖ ਨੂੰ ਮਾਫ਼ ਨਹੀਂ ਕਰਦੀ।

34. ਜੇਕਰ ਮੇਰੀ ਸੋਚ ਸਹੀ ਹੈ, ਤਾਂ ਸਾਨੂੰ ਆਪਣਾ ਇਤਿਹਾਸ ਖੁਦ ਬਣਾਉਣਾ ਚਾਹੀਦਾ ਹੈ। ਮੈਂ ਉਨ੍ਹਾਂ ਲੋਕਾਂ ਨੂੰ ਸਮਝਦਾ ਹਾਂ ਜੋ ਇਸ ਤਰ੍ਹਾਂ ਕਰਨ ਤੋਂ ਡਰਦੇ ਹਨ। ਉਨ੍ਹਾਂ ਨੂੰ ਕਾਂਗਰਸ ਅਤੇ ਸਰਕਾਰ ਦੋਵਾਂ ਤੋਂ ਆਜ਼ਾਦ ਹੋਣ ਵਿੱਚ ਨੁਕਸਾਨ ਹੋਣ ਦਾ ਡਰ ਹੈ। ਇਹ ਸਾਡੀ ਕਮਜ਼ੋਰੀ ਦਾ ਇਕਰਾਰ ਹੈ ਅਤੇ ਮੈਂ ਸਹਿਮਤ ਹਾਂ ਕਿ ਜੇਕਰ ਆਜ਼ਾਦੀ ਤੋਂ ਬਾਅਦ ਦਲਿਤ ਵਰਗ ਸ਼ਕਤੀਸ਼ਾਲੀ ਲੋਕਾਂ ਵਿੱਚ ਗਿਣਿਆ ਨਹੀਂ ਜਾਂਦਾ, ਤਾਂ ਇਹ ਚਿੰਤਾ ਦਾ ਵਿਸ਼ਾ ਹੈ। ਪਰ ਮੈਂ ਪੁੱਛਦਾ ਹਾਂ ਕਿ ਕਾਂਗਰਸ ਜਾਂ ਸਰਕਾਰ 'ਤੇ ਨਿਰਭਰ ਹੋਣ ਦਾ ਕੀ ਫਾਇਦਾ ਹੈ? ਵਿਹਾਰਕ ਤੌਰ 'ਤੇ, ਇੱਕ ਵਧੇਰੇ ਸ਼ਕਤੀਸ਼ਾਲੀ ਪਾਰਟੀ ਦੇ ਚੰਗੇ ਰਿਕਾਰਡ ਵਿੱਚ ਰਹਿਣ ਲਈ ਉਸ ਨਾਲ ਸਬੰਧ ਬਣਾਈ ਰੱਖਣ ਦੇ ਤੁਹਾਡੇ ਰਵੱਈਏ ਨੂੰ ਭਿਖਾਰੀ ਜਾਂ ਸ਼ਰਮਨਾਕ ਸਮਰਪਣ ਤੋਂ ਵੱਧ ਕੁਝ ਨਹੀਂ ਕਿਹਾ ਜਾਵੇਗਾ। ਦਲਿਤ ਵਰਗ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਜਿਹੀ ਸ਼ਕਤੀ ਵਜੋਂ ਕਿਵੇਂ ਉਭਰਨਾ ਹੈ ਕਿ ਉਨ੍ਹਾਂ ਦੇ ਵਿਚਾਰ ਅਤੇ ਵਿਚਾਰ ਹਰ ਮੌਕੇ 'ਤੇ ਹੋਰ ਸਾਰੇ ਵਰਗਾਂ ਦੇ ਵਿਚਾਰਾਂ ਨਾਲੋਂ ਵੱਧ ਮਹੱਤਵਪੂਰਨ ਹੋਣ। ਮੈਨੂੰ ਦਲਿਤ ਲਹਿਰ ਵਿੱਚ ਦੋ ਕਮੀਆਂ ਮਿਲਦੀਆਂ ਹਨ। ਪਹਿਲਾ, ਦਲਿਤ ਵਰਗ ਵਿੱਚ ਸਰਬਸੰਮਤੀ ਦਾ ਕੋਈ ਸੰਕਲਪ ਨਹੀਂ ਹੈ ਅਤੇ ਦੂਜਾ, ਦਲਿਤ ਵਰਗ ਲਈ ਇੱਕਜੁੱਟ ਹੋਣ ਅਤੇ ਆਪਣਾ ਕੰਮ ਪ੍ਰਾਪਤ ਕਰਨ ਦਾ ਕੋਈ ਸਾਧਨ ਜਾਂ ਤਰੀਕਾ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਲੰਬੇ ਸਮੇਂ ਤੋਂ ਅਸੀਂ ਚੁੱਪ ਰਹੇ ਹਾਂ ਅਤੇ ਬਿਨਾਂ ਕਿਸੇ ਚਰਚਾ ਦੇ ਆਪਣੇ ਦੁੱਖ ਝੱਲ ਰਹੇ ਹਾਂ। ਇਹ ਇੱਕ ਵੱਡਾ ਕਾਰਨ ਹੈ ਕਿ ਸਾਡੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋਇਆ ਹੈ। ਅਸੀਂ ਆਪਣੇ ਮਾੜੇ ਪ੍ਰਬੰਧ ਲਈ ਸਰਕਾਰ ਜਾਂ ਸੁਧਾਰਕਾਂ ਨੂੰ ਜਾਇਜ਼ ਤੌਰ 'ਤੇ ਦੋਸ਼ੀ ਨਹੀਂ ਠਹਿਰਾ ਸਕਦੇ। ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਸਾਡੀ ਚੁੱਪੀ ਕਾਰਨ ਉਨ੍ਹਾਂ ਨੂੰ ਨਾ ਤਾਂ ਕੋਈ ਸੰਕੇਤ ਮਿਲਿਆ ਅਤੇ ਨਾ ਹੀ ਕੋਈ ਸਮਰਥਨ, ਇਸ ਲਈ ਅਸੀਂ ਇਸ ਲਈ ਜ਼ਿੰਮੇਵਾਰ ਹਾਂ। ਮੈਂ ਬਹੁਤ ਚਿੰਤਾ ਨਾਲ ਸੋਚਦਾ ਹਾਂ ਕਿ ਸਾਡੇ ਦੁਆਰਾ ਪਾਸ ਕੀਤੇ ਗਏ ਮਤਿਆਂ, ਸਾਡੇ ਦੁਆਰਾ ਸਰਕਾਰ ਨੂੰ ਭੇਜੀਆਂ ਗਈਆਂ ਰਿਪੋਰਟਾਂ ਅਤੇ ਸਾਡੇ ਦੁਆਰਾ ਉਠਾਈਆਂ ਗਈਆਂ ਮੰਗਾਂ ਨੂੰ ਉਹੀ ਮਹੱਤਵ ਕਿਉਂ ਨਹੀਂ ਦਿੱਤਾ ਜਾਂਦਾ ਜੋ ਉਹੀ ਜੱਜ ਹੋਰ ਸਾਰੇ ਭਾਈਚਾਰਿਆਂ ਦੀਆਂ ਸ਼ਿਕਾਇਤਾਂ ਨੂੰ ਦਿੰਦੇ ਹਨ ਅਤੇ ਬਹੁਤ ਸੋਚ-ਵਿਚਾਰ ਕਰਨ ਤੋਂ ਬਾਅਦ, ਮੇਰਾ ਮੰਨਣਾ ਹੈ ਕਿ ਇਹ ਸਿਰਫ਼ ਇਸ ਲਈ ਹੈ ਕਿਉਂਕਿ ਅਸੀਂ ਖੇਤਰੀ ਜਾਂ ਖੇਤਰੀ ਬਣ ਗਏ ਹਾਂ। ਕਿਸੇ ਖਾਸ ਰਾਜ ਦੀਆਂ ਸਮੱਸਿਆਵਾਂ ਨੂੰ ਉਹ ਕਿਸਮ ਦਾ ਉਤਸ਼ਾਹ ਨਹੀਂ ਮਿਲਦਾ ਜੋ ਕੇਂਦਰੀ ਪੱਧਰ 'ਤੇ ਉਠਾਈ ਗਈ ਸਮੱਸਿਆ ਜਾਂ ਮੰਗ ਨੂੰ ਮਿਲਦਾ ਹੈ। ਮੇਰਾ ਮੰਨਣਾ ਹੈ ਕਿ ਦਲਿਤ ਵਰਗ ਨੂੰ ਆਪਣੇ ਆਪ ਨੂੰ ਉਭਾਰਨ ਅਤੇ ਇੱਕ "ਆਲ ਇੰਡੀਆ ਦਲਿਤ ਸੰਗਠਨ" ਬਣਾਉਣ ਦੀ ਜ਼ਰੂਰਤ ਹੈ ਤਾਂ ਜੋ ਸਾਡੀ ਆਵਾਜ਼ ਇੱਕ ਗੂੰਜ ਬਣ ਸਕੇ ਅਤੇ ਅਸੀਂ ਸਮੱਸਿਆਵਾਂ ਨੂੰ ਉਠਾਉਣ ਅਤੇ ਹੱਲ ਕਰਨ ਲਈ ਸਰਕਾਰੀ ਪ੍ਰਣਾਲੀ ਵਿੱਚ ਪੈਰ ਰੱਖ ਸਕੀਏ। ਪਿਛਲੇ ਦੋ ਜਾਂ ਤਿੰਨ ਸਾਲਾਂ ਤੋਂ ਇੱਕ "ਆਲ ਇੰਡੀਆ ਦਲਿਤ ਸੰਗਠਨ" ਬਣਾਇਆ ਗਿਆ ਹੈ ਪਰ ਇਹ ਇੱਕ ਖੁੱਲ੍ਹੀ ਸੱਚਾਈ ਹੈ ਕਿ ਉਸ ਸੰਗਠਨ ਵਿੱਚ ਸਿਰਫ਼ ਅਹੁਦੇਦਾਰ ਹਨ ਅਤੇ ਕੋਈ ਮੈਂਬਰ ਨਹੀਂ ਹਨ। ਮੇਰੇ ਆਪਣੇ ਰਾਜ ਵਿੱਚ ਇਸ ਸੰਗਠਨ ਦੀ ਸ਼ਾਖਾ ਦੀ ਇਹ ਹਾਲਤ ਹੈ। ਅਜਿਹੇ ਨਕਲੀ ਸੰਗਠਨ ਦਾ ਦਲਿਤ ਵਰਗ ਲਈ ਕੋਈ ਫਾਇਦਾ ਨਹੀਂ ਹੈ। ਸਾਡੇ ਸੰਗਠਨ ਦਾ ਜੀਵਨ ਅਜਿਹਾ ਹੋਣਾ ਚਾਹੀਦਾ ਹੈ ਕਿ ਇਹ ਦਲਿਤ ਵਰਗ ਦੀਆਂ ਭਾਵਨਾਵਾਂ ਨੂੰ ਆਵਾਜ਼ ਦੇ ਸਕੇ ਅਤੇ ਭਾਈਚਾਰੇ ਦੇ ਸੱਚੇ ਵਰਕਰ ਇਸ ਨਾਲ ਜੁੜੇ ਹੋਣੇ ਚਾਹੀਦੇ ਹਨ ਅਤੇ ਇਸਦਾ ਨੈੱਟਵਰਕ ਪੂਰੇ ਭਾਰਤ ਵਿੱਚ ਹੋਣਾ ਚਾਹੀਦਾ ਹੈ। ਇਹ ਇੱਕ ਵੱਡੀ ਪ੍ਰਾਪਤੀ ਹੋਵੇਗੀ ਜੇਕਰ ਅਸੀਂ ਇੱਕ ਛੋਟੀ ਕਮੇਟੀ ਬਣਾ ਕੇ ਇਸਨੂੰ ਸੰਗਠਨ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਦੀ ਜ਼ਿੰਮੇਵਾਰੀ ਦੇਈਏ। ਇਹ ਸੋਚਣ ਯੋਗ ਮਾਮਲਾ ਹੈ ਅਤੇ ਬਿਨਾਂ ਕਿਸੇ ਦੇਰੀ ਦੇ ਇਸ 'ਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## VIII ਦਲਿਤ ਵਰਗ ਦਾ ਉਥਾਨ:

35. ਸੱਜਣੋ, ਮੈਂ ਸ਼ਾਇਦ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਬਾਰੇ ਲੋੜ ਤੋਂ ਵੱਧ ਗੱਲ ਕੀਤੀ ਹੈ। ਪਰ ਹੁਣ ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਰਾਜਨੀਤਿਕ ਸ਼ਕਤੀ ਦਲਿਤ ਵਰਗ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਦਾ ਇਲਾਜ ਨਹੀਂ ਹੈ। ਉਨ੍ਹਾਂ ਦੀ ਮੁਕਤੀ ਸਮਾਜਿਕ ਰੁਤਬੇ ਦੇ ਉਥਾਨ ਵਿੱਚ ਹੈ। ਦਲਿਤ ਵਰਗ ਨੂੰ ਆਪਣੀਆਂ ਬੁਰੀਆਂ ਆਦਤਾਂ ਛੱਡ ਕੇ ਸਾਫ਼-ਸੁਥਰਾ ਬਣਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਬੁਰੀ ਜੀਵਨ ਸ਼ੈਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਆਪ ਨੂੰ ਸਤਿਕਾਰਯੋਗ ਬਣਾਉਣ ਅਤੇ ਦੂਜਿਆਂ ਦੀ ਉਨ੍ਹਾਂ ਨਾਲ ਦੋਸਤੀ ਕਰਨ ਦੀ ਇੱਛਾ ਵਧਾਉਣ ਲਈ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਸਿੱਖਿਅਤ ਹੋਣਾ ਚਾਹੀਦਾ ਹੈ। ਇਸ ਲਈ, ਸਿਰਫ਼ ਸਾਖਰਤਾ ਕਾਫ਼ੀ ਨਹੀਂ ਹੈ ਕਿਉਂਕਿ ਸਾਡੇ ਵਿੱਚੋਂ ਬਹੁਤਿਆਂ ਨੂੰ ਗਿਆਨ ਦੇ ਖੇਤਰ ਵਿੱਚ ਵੱਡੀਆਂ ਉਚਾਈਆਂ 'ਤੇ ਪਹੁੰਚਣਾ ਪੈਂਦਾ ਹੈ ਤਾਂ ਜੋ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਪੂਰੇ ਦਲਿਤ ਭਾਈਚਾਰੇ ਦਾ ਮਾਣ ਵਧੇ। ਇਸ ਤਰਸਯੋਗ ਸੰਤੁਸ਼ਟੀ ਮਾਨਸਿਕਤਾ ਨੂੰ ਖਤਮ ਕਰਨ ਦੀ ਲੋੜ ਹੈ ਅਤੇ ਬ੍ਰਹਮ ਅਸੰਤੁਸ਼ਟੀ ਦੀ ਭਾਵਨਾ, ਜੋ ਕਿ ਸਵੈ-ਉਥਾਨ ਲਈ ਬਹੁਤ ਜ਼ਰੂਰੀ ਹੈ, ਨੂੰ ਜਗਾਉਣ ਦੀ ਲੋੜ ਹੈ। ਅਤੇ ਸਭ ਤੋਂ ਮਹੱਤਵਪੂਰਨ, ਦਲਿਤਾਂ ਨੂੰ ਆਪਣੇ ਡਰ ਨੂੰ ਪੂਰੀ ਤਰ੍ਹਾਂ ਤਿਆਗਣ ਅਤੇ ਹਰ ਕਿਸੇ ਵਾਂਗ ਆਪਣੇ ਮਨੁੱਖੀ ਅਧਿਕਾਰਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਇਹ ਨਤੀਜੇ ਰਾਜਨੀਤਿਕ ਸ਼ਕਤੀ ਦੇ ਸਾਡੇ ਹੱਥਾਂ ਵਿੱਚ ਆਉਣ ਨਾਲ ਆਪਣੇ ਆਪ ਨਹੀਂ ਆਉਣਗੇ। ਸਾਨੂੰ ਇਹ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਰਾਜਨੀਤਿਕ ਸ਼ਕਤੀ ਸਿਰਫ਼ ਨਤੀਜੇ ਪ੍ਰਾਪਤ ਕਰਨ ਦਾ ਇੱਕ ਸਾਧਨ ਹੈ। ਮੈਂ ਦਲਿਤਾਂ ਨੂੰ ਪਹਿਲਾਂ ਹੀ ਚੇਤਾਵਨੀ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਉਹ ਇਹ ਸੋਚਣ ਦੀ ਘਾਤਕ ਗਲਤੀ ਨਾ ਕਰਨ ਕਿ ਸਾਰੇ ਦਲਿਤ ਸਿਰਫ਼ ਕੁਝ ਦਲਿਤਾਂ ਦੀ ਸਭਾ ਵਿੱਚ ਜਗ੍ਹਾ ਪ੍ਰਾਪਤ ਕਰਨ ਨਾਲ ਹੀ ਮੁਕਤ ਹੋ ਜਾਣਗੇ ਅਤੇ ਉਹ ਹੁਣ ਦਲਿਤ ਨਹੀਂ ਰਹਿਣਗੇ। ਦਲਿਤਾਂ ਦੇ ਉਥਾਨ ਦਾ ਇਹ ਕੰਮ ਦਲਿਤ ਸਮਾਜ ਦੀਆਂ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਜੋ ਸਵਰਗੀ ਗੋਖਲੇ ਦੇ ਭਾਰਤੀ ਸਮਾਜਿਕ ਸੇਵਕਾਂ ਜਾਂ ਸਵਰਗੀ ਲਾਲਾ ਲਾਜਪਤ ਰਾਏ ਦੁਆਰਾ ਸਥਾਪਿਤ ਜਨਤਕ ਸਮਾਜਿਕ ਸੇਵਕਾਂ ਦੀਆਂ ਸੰਸਥਾਵਾਂ ਨੂੰ ਆਦਰਸ਼ ਮਾਡਲ ਵਜੋਂ ਸਵੀਕਾਰ ਕਰਦੇ ਹਨ।

"ਇਕੁਐਲਿਟੀ ਐਂਡ ਜਸਟਿਸ"
"Equality and Justice"
ਸੁਤੰਤਰਤਾ, ਸਮਾਨਤਾ, ਭਾਈਚਾਰਾ

## 36. ਸਿੱਟਾ:

ਸੱਜਣੋ, ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਨੂੰ ਇਸ ਲੰਬੇ ਬਿਆਨ ਨਾਲ ਜ਼ਰੂਰ ਚਿੰਤਤ ਕੀਤਾ ਹੈ। ਮੈਂ ਹਮੇਸ਼ਾ ਸੰਖੇਪਤਾ ਨੂੰ ਆਪਣਾ ਉਦੇਸ਼ ਮੰਨਦਾ ਹਾਂ, ਫਿਰ ਵੀ ਅਜਿਹੇ ਮੌਕਿਆਂ 'ਤੇ ਜਿੱਥੇ ਰਾਜਨੀਤੀ ਤੋਂ ਅਣਜਾਣ ਲੋਕ ਪਹਿਲੀ ਵਾਰ ਮਹੱਤਵਪੂਰਨ ਨਿਰਣਾਇਕ ਮੁੱਦਿਆਂ 'ਤੇ ਚਰਚਾ ਕਰ ਰਹੇ ਹਨ, ਸਮੱਸਿਆ ਦੇ ਸਾਰੇ ਪਹਿਲੂਆਂ ਨੂੰ ਅੱਗੇ ਰੱਖਣਾ ਉਚਿਤ ਹੈ। ਲੈਕਚਰ ਇੰਨਾ ਲੰਮਾ ਹੋ ਗਿਆ ਕਿ ਤੁਹਾਨੂੰ ਪੂਰੀ ਤਰ੍ਹਾਂ ਮਾਰਗਦਰਸ਼ਨ ਕਰਨ ਦੇ ਯੋਗ ਹੋਣ ਦੀ ਇੱਛਾ ਹੋਵੇ। ਮੈਨੂੰ ਉਮੀਦ ਹੈ ਕਿ ਇਹ ਸਾਡੀ ਆਖਰੀ ਮੁਲਾਕਾਤ ਨਹੀਂ ਹੋਵੇਗੀ ਸਗੋਂ ਇੱਕ ਮਹਾਨ ਲਹਿਰ ਦੀ ਸ਼ੁਰੂਆਤ ਹੋਵੇਗੀ ਜਿਸਦੇ ਨਤੀਜੇ ਵਜੋਂ ਸਾਡੇ ਦੇਸ਼ ਵਿੱਚ ਇੱਕ ਸਮਾਜ ਅਤੇ ਰਾਜ ਦੀ ਸਥਾਪਨਾ ਹੋਵੇਗੀ ਜਿੱਥੇ ਰਾਜਨੀਤੀ, ਸਮਾਜਿਕ, ਉਦਯੋਗ ਅਤੇ ਦੌਲਤ ਵਿਕਾਸ ਦੇ ਖੇਤਰਾਂ ਵਿੱਚ ਸਮਾਨਤਾ ਹੋਵੇਗੀ ਅਤੇ ਸਾਡੇ ਲੋਕ ਆਜ਼ਾਦ ਹੋਣਗੇ।

ਮੈਂ ਇੱਕ ਵਾਰ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਨਮਾਨਿਤ ਕੀਤਾ ਅਤੇ ਧਿਆਨ ਨਾਲ ਸੁਣਿਆ।"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

ਲੜੀ ਵਾਰ ਭਾਗ ਨੌਵਾਂ

## (ਕਲ੍ਹ ਦੇ ਲੇਖ ਦਾ ਬਾਕੀ ਭਾਗ)

ਦੋਵਾਂ ਮਹਾਰ ਭਰਾਵਾਂ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਹੈ। ਦੋਸ਼ੀ ਨੇ ਆਪਣੇ ਬਿਆਨ ਵਿੱਚ ਮੰਨਿਆ ਹੈ ਕਿ ਦਾਮੂ ਅਤੇ ਲਕਸ਼ਮਣ ਨਾਲ ਕਥਿਤ ਤੌਰ 'ਤੇ ਵਿਵਹਾਰ ਕੀਤਾ ਗਿਆ ਸੀ, ਪਰ ਕਿਹਾ ਕਿ ਸ਼ਿਕਾਇਤਕਰਤਾਵਾਂ ਨੇ ਸਜ਼ਾ ਭੁਗਤਣ ਲਈ ਖੁਸ਼ੀ ਨਾਲ ਸਵੀਕਾਰ ਕਰ ਲਿਆ ਹੈ। ਇਹ ਸਪੱਸ਼ਟ ਹੈ ਕਿ ਦਾਮੂ ਅਤੇ ਲਕਸ਼ਮਣ ਬੇਵੱਸ ਸਨ ਜਦੋਂ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਗਿਆ, ਕੁੱਟਿਆ ਗਿਆ, ਸਖ਼ਤ ਸਜ਼ਾ ਦੀ ਧਮਕੀ ਦਿੱਤੀ ਗਈ ਅਤੇ ਅਸਲ ਵਿੱਚ ਬੇਰਹਿਮੀ ਨਾਲ ਜ਼ਲੀਲ ਕੀਤਾ ਗਿਆ। ਇਸ ਮਾਮਲੇ ਨੇ ਅਖੌਤੀ ਅਛੂਤ ਜਾਤੀਆਂ ਦੇ ਲੋਕਾਂ ਵਿੱਚ ਇੱਕ ਵੱਡੀ ਸਨਸਨੀ ਪੈਦਾ ਕਰ ਦਿੱਤੀ ਹੈ। ਸ਼ਿਕਾਇਤਕਰਤਾਵਾਂ ਨੂੰ ਸਹੀ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪਰ ਛੂਤ-ਛਾਤ ਬਾਰੇ ਇਸ ਹਿੰਦੂ ਸਭਿਅਤਾ ਦੇ ਨਿਯਮ ਇੰਨੇ ਸੂਖਮ ਹਨ ਕਿ ਉਹ ਅਛੂਤਾਂ ਲਈ ਅਛੂਤ ਹੋਣ ਦਾ ਦਿਖਾਵਾ ਕਰਨ ਦੀ ਕੋਈ ਗੁੰਜਾਇਸ਼ ਨਹੀਂ ਛੱਡਦੇ। ਇਸ ਤਰ੍ਹਾਂ, ਕੁਝ ਖੇਤਰਾਂ ਵਿੱਚ ਅਜਿਹੇ ਨਿਯਮ ਹਨ ਜਿਨ੍ਹਾਂ ਅਨੁਸਾਰ ਅਛੂਤਾਂ ਨੂੰ ਕਾਲਾ ਧਾਗਾ ਪਹਿਨਣਾ ਪੈਂਦਾ ਹੈ ਤਾਂ ਜੋ ਉਨ੍ਹਾਂ ਦੀ ਪਛਾਣ ਆਸਾਨੀ ਨਾਲ ਕੀਤੀ ਜਾ ਸਕੇ ਅਤੇ ਉੱਚੀ ਆਵਾਜ਼ ਵਿੱਚ ਐਲਾਨ ਕਰਨਾ ਪੈਂਦਾ ਹੈ ਕਿ ਉਹ ਅਛੂਤ ਹਨ ਤਾਂ ਜੋ ਛੂਤ-ਛਾਤ ਕਰਨ ਵਾਲੇ ਅਣਜਾਣੇ ਵਿੱਚ ਉਨ੍ਹਾਂ ਨੂੰ ਛੂਹ ਨਾ ਸਕਣ ਅਤੇ ਭ੍ਰਿਸ਼ਟ ਨਾ ਹੋ ਜਾਣ। ਬੰਬੇ ਪ੍ਰੈਜ਼ੀਡੈਂਸੀ ਦੇ ਦਵਾਰਿਕਾ ਨਗਰ ਵਿੱਚ ਮਹਾਨ ਹਿੰਦੂ ਦੇਵਤਾ ਕ੍ਰਿਸ਼ਨ ਦਾ ਇੱਕ ਮਸ਼ਹੂਰ ਮੰਦਰ ਹੈ। ਇੱਕ ਨਿਯਮ ਹੈ ਕਿ ਸੜਕਾਂ 'ਤੇ ਤੁਰਦੇ ਸਮੇਂ ਹਰ ਅਛੂਤ ਨੂੰ ਤਾੜੀਆਂ ਵਜਾਉਣੀਆਂ ਪੈਂਦੀਆਂ ਹਨ ਅਤੇ ਕਹਿਣਾ ਪੈਂਦਾ ਹੈ, 'ਸਾਵਧਾਨ ਰਹੋ, ਸਾਵਧਾਨ' ਤਾਂ ਜੋ ਇਹ ਐਲਾਨ ਕੀਤਾ ਜਾ ਸਕੇ ਕਿ ਉਹ ਅਛੂਤ ਹੈ ਅਤੇ ਛੂਤ-ਛਾਤ ਕਰਨ ਵਾਲਿਆਂ ਨੂੰ ਸਾਵਧਾਨ ਕੀਤਾ ਜਾ ਸਕੇ। ਮਦਰਾਸ ਪ੍ਰੈਜ਼ੀਡੈਂਸੀ ਦੇ ਚੇਰੂਮਾਂ ਬਾਰੇ ਹੇਠ ਲਿਖੇ ਵੇਰਵੇ ਉਪਲਬਧ ਹਨ:



ਇਨ੍ਹਾਂ ਦੁਖੀ ਪ੍ਰਾਣੀਆਂ ਦੀ ਸਮਾਜਿਕ ਸਥਿਤੀ ਬਹੁਤ ਹੀ ਤਰਸਯੋਗ ਹੈ। ਜਦੋਂ ਕੋਈ ਚੇਰੂਮਣ ਕਿਸੇ ਉੱਚ ਜਾਤੀ ਦੇ ਵਿਅਕਤੀ ਨੂੰ ਮਿਲਦਾ ਹੈ ਤਾਂ ਉਸਨੂੰ ਤੀਹ ਫੁੱਟ ਦੀ ਦੂਰੀ 'ਤੇ ਖੜ੍ਹਾ ਹੋਣਾ ਪੈਂਦਾ ਹੈ। ਜੇ ਉਹ ਇਸ ਮਨ੍ਹਾ ਦੂਰੀ ਦੇ ਅੰਦਰ ਆਉਂਦਾ ਹੈ ਤਾਂ ਉਸਦੀ ਨੇੜਤਾ ਘਟ ਜਾਵੇਗੀ ਅਤੇ ਸਿਰਫ਼ ਪਾਣੀ ਵਿੱਚ ਇਸ਼ਨਾਨ ਕਰਕੇ ਹੀ ਦੂਰ ਕੀਤੀ ਜਾਵੇਗੀ। ਚੇਰੂਮਣ ਬ੍ਰਾਹਮਣਾਂ ਦੇ ਕਿਸੇ ਵੀ ਪਿੰਡ, ਮੰਦਰ ਜਾਂ ਤਲਾਅ ਵਿੱਚ ਨਹੀਂ ਜਾ ਸਕਦਾ। ਜੇ ਉਹ ਜਾਂਦਾ ਹੈ ਤਾਂ ਸ਼ੁੱਧੀਕਰਨ ਜ਼ਰੂਰੀ ਹੋ ਜਾਂਦਾ ਹੈ। ਆਮ ਸੜਕ 'ਤੇ ਤੁਰਦੇ ਸਮੇਂ ਵੀ ਜੇਕਰ ਉਹ ਆਪਣੇ ਮਾਲਕ ਨੂੰ ਦੇਖ ਲੈਂਦਾ ਹੈ ਤਾਂ ਉਸਨੂੰ ਆਮ ਰਸਤਾ ਛੱਡਣਾ ਚਾਹੀਦਾ ਹੈ ਅਤੇ ਉਸ 'ਤੇ ਚੱਲਣਾ ਚਾਹੀਦਾ ਹੈ ਭਾਵੇਂ ਇਹ ਚਿੱਕੜ ਵਾਲਾ ਹੋਵੇ, ਤਾਂ ਜੋ ਮਾਲਕ ਦੇ ਗੁੱਸੇ ਤੋਂ ਬਚਿਆ ਜਾ ਸਕੇ ਕਿਉਂਕਿ ਉਸਨੇ ਉਸਨੂੰ ਗਲਤੀ ਨਾਲ ਪਲੀਤ ਕਰ ਦਿੱਤਾ ਸੀ। ਤਾਂ ਜੋ ਰਾਹਗੀਰ ਅਪਵਿੱਤਰ ਨਾ ਹੋ ਜਾਵੇ, ਉਹ ਇਸ ਕੋਝਾ ਆਵਾਜ਼ ਨੂੰ ਦੁਹਰਾਉਂਦਾ ਹੈ - 'ਓ, ਓ, ਓ'। ਕੁਝ ਥਾਵਾਂ 'ਤੇ, ਜਿਵੇਂ ਕਿ ਪਾਲਘਾਟ ਵਿੱਚ, ਅਸੀਂ ਚੇਰੂਮਣ ਨੂੰ ਸੜਕ ਦੇ ਕਿਨਾਰੇ ਇੱਕ ਗੰਦਾ ਕੱਪੜਾ ਫੈਲਾਉਂਦੇ ਅਤੇ ਤਿੱਖੀ ਆਵਾਜ਼ ਵਿੱਚ ਚੀਕਦੇ ਹੋਏ ਦੇਖ ਸਕਦੇ ਹਾਂ, 'ਮੈਨੂੰ ਕੁਝ ਪੈਸੇ ਦਿਓ ਅਤੇ ਇਸਨੂੰ ਕੱਪੜੇ 'ਤੇ ਸੁੱਟ ਦਿਓ।' ਕੋਚੀਨ ਅਤੇ ਤ੍ਰਾਵਣਕੋਰ ਦੇ ਜੱਦੀ ਰਾਜਾਂ ਵਿੱਚ ਉਨ੍ਹਾਂ ਦੀ ਸਥਿਤੀ ਅਸਹਿਣਯੋਗ ਹੈ। ਉੱਥੇ ਬ੍ਰਾਹਮਣ ਦਾ ਪ੍ਰਭਾਵ ਮਜ਼ਬੂਤ ਹੈ। ਅਤੇ ਪਾਲਘਾਟ ਤਾਲੁਕ ਵਿੱਚ, ਅੱਜ ਵੀ ਕੋਈ ਚੇਰੂਮਨ ਬਾਜ਼ਾਰ ਵਿੱਚ ਕਦਮ ਨਹੀਂ ਰੱਖ ਸਕਦਾ। ਮਾਲਾਬਾਰ ਵਿੱਚ ਕਿਹਾ ਜਾਂਦਾ ਹੈ, 'ਇੱਕ ਉੱਚੀ ਜਾਤੀ ਦਾ ਵਿਅਕਤੀ ਕਈ ਵਾਰ ਤੁਰਦੇ ਸਮੇਂ ਉੱਚੀ ਆਵਾਜ਼ ਵਿੱਚ ਚੀਕਦਾ ਹੈ, ਤਾਂ ਜੋ ਇੱਕ ਨੀਵੀਂ ਜਾਤੀ ਦਾ ਵਿਅਕਤੀ ਸੜਕ ਤੋਂ ਦੂਰ ਹੋ ਜਾਵੇ ਅਤੇ ਇਸਨੂੰ ਪ੍ਰਦੂਸ਼ਿਤ ਨਾ ਕਰੇ। ਜਦੋਂ ਸਭ ਤੋਂ ਨੀਵੀਂ ਜਾਤੀ ਦੇ ਲੋਕ ਤੁਰਦੇ ਹਨ, ਤਾਂ ਉਹ ਚੀਕਦੇ ਹਨ, ਤਾਂ ਜੋ ਉਹ ਆਪਣੀ ਮੌਜੂਦਗੀ ਨੂੰ ਅਪਵਿੱਤਰਤਾ ਦੇ ਨਿਸ਼ਾਨ ਨਾਲ ਜਾਣੂ ਕਰਵਾ ਸਕਣ ਅਤੇ ਉੱਚੀ ਜਾਤੀ ਦੇ ਵਿਅਕਤੀ ਦਾ ਹੁਕਮ ਸੁਣ ਕੇ ਸੜਕ ਤੋਂ ਦੂਰ ਹੋ ਜਾਣ। ਆਮ ਤੌਰ 'ਤੇ ਇਹ ਦੇਖਿਆ ਜਾ ਸਕਦਾ ਹੈ ਕਿ ਨੀਵੀਂ ਜਾਤੀ ਦੇ ਲੋਕ ਸੜਕ ਦੇ ਸਮਾਨਾਂਤਰ ਚੱਲਦੇ ਹਨ ਅਤੇ ਇਸ 'ਤੇ ਚੱਲਣ ਦੀ ਹਿੰਮਤ ਨਹੀਂ ਕਰਦੇ।'

**ਲੇਖ ਦਾ ਬਾਕੀ ਭਾਗ ਕਲ.....**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com

# “ ਔਰਤਾਂ ਦੀ ਸੁਰੱਖਿਆ ਅਤੇ ਲਿੰਗਕ ਅਸਮਾਨਤਾ: ਇੱਕ ਗੰਭੀਰ ਸਮਾਜਿਕ ਚੁਣੌਤੀ ”

ਪਵਨ ਕੁਮਾਰ ਖਿੱਚੀ, ਮਾਨਸਾ ਮੋਬਾ. 9478160786



ਸਾਡਾ ਸਮਾਜ ਅਣਸੁੱਲਝੀਆਂ ਹਕੀਕਤਾਂ ਨਾਲ ਘਿਰਿਆ ਹੋਇਆ ਹੈ। ਇੱਕ ਪਾਸੇ, ਅਸੀਂ ਨਰਾਤਿਆਂ ਵਿੱਚ ਕੰਜਕਾਂ ਪੂਜਦੇ ਹਾਂ, ਔਰਤ ਨੂੰ ‘ਦੇਵੀ’, ‘ਸ਼ਕਤੀ’ ਅਤੇ ‘ਮਾਂ’ ਦਾ ਦਰਜਾ ਦੇ ਕੇ ਉਸ ਦੀ ਪੂਜਾ ਦਾ ਪਾਖੰਡ ਕਰਦੇ ਹਾਂ। ਦੂਜੇ ਪਾਸੇ, ਜਦੋਂ ਇਹੀ ‘ਦੇਵੀ’ ਸਾਡੇ ਘਰਾਂ, ਗਲੀਆਂ ਅਤੇ ਕੰਮਕਾਜੀ ਥਾਵਾਂ ‘ਤੇ ਇੱਕ ਧੀ, ਭੈਣ, ਪਤਨੀ ਜਾਂ ਸਹਿ-ਕਰਮੀ ਦੇ ਰੂਪ ਵਿੱਚ ਵਿਚਰਦੀ ਹੈ, ਤਾਂ ਇਸੇ ਸਮਾਜ ਦਾ ਚਿਹਰਾ ਬਦਲ ਜਾਂਦਾ ਹੈ। ਇਹ ਚਿਹਰਾ ਭਿਆਨਕ, ਕਰੂਪ ਅਤੇ ਹਿੰਸਕ ਨਜ਼ਰ ਆਉਂਦਾ ਹੈ। 21ਵੀਂ ਸਦੀ ਦੇ ਇਸ ਆਧੁਨਿਕ ਯੁੱਗ ਵਿੱਚ ਵੀ ਔਰਤ ਦੀ ਸੁਰੱਖਿਆ ਅਤੇ ਸਨਮਾਨ ਇੱਕ ਗੰਭੀਰ ਚੁਣੌਤੀ ਬਣੇ ਹੋਏ ਹਨ।

## ਅਸਲੀਅਤ ਦਾ ਭਿਆਨਕ ਰੂਪ

ਕਾਗਜ਼ਾਂ ਅਤੇ ਭਾਸ਼ਣਾਂ ਵਿੱਚ ਔਰਤਾਂ ਨੂੰ ਬਰਾਬਰੀ ਦੇਣ ਦੀਆਂ ਗੱਲਾਂ ਤਾਂ ਬਹੁਤ ਹੁੰਦੀਆਂ ਹਨ, ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਅੱਜ ਵੀ ਕੁੱਖ ਵਿੱਚ ਧੀਆਂ ਦਾ ਕਤਲ, ਦਾਜ ਲਈ ਤੰਗ ਕਰਨਾ ਅਤੇ ਸਾੜ ਦੇਣਾ, ਘਰੇਲੂ ਹਿੰਸਾ, ਤੇਜ਼ਾਬੀ ਹਮਲੇ, ਛੇੜਛਾੜ, ਬਲਾਤਕਾਰ ਅਤੇ ਆਨਲਾਈਨ ਧੱਕੇਸ਼ਾਹੀ ਵਰਗੇ ਘਿਨਾਉਣੇ ਅਪਰਾਧ ਰੋਜ਼ਾਨਾ ਦੀਆਂ ਖ਼ਬਰਾਂ ਬਣ ਚੁੱਕੇ ਹਨ। ਇਹ ਅੰਕੜੇ ਸਿਰਫ਼ ਗਿਣਤੀ ਨਹੀਂ, ਸਗੋਂ ਸਾਡੇ ਸਮਾਜਿਕ ਢਾਂਚੇ ਦੀ ਨਾਕਾਮੀ ਦਾ ਜਿਊਂਦਾ-ਜਾਗਦਾ ਸਬੂਤ ਹਨ। ਜਿੱਥੇ ਔਰਤ ਨੂੰ ਕਮਜ਼ੋਰ ਅਤੇ ਸਿਰਫ਼ ਇੱਕ ਵਸਤੂ ਸਮਝਿਆ ਜਾਂਦਾ ਹੈ, ਉੱਥੇ ਉਸ ਵਿਰੁੱਧ ਹਿੰਸਾ ਦਾ ਵਧਣਾ ਸੁਭਾਵਿਕ ਹੈ।

## ਔਰਤਾਂ ਦੀ ਸੁਰੱਖਿਆ: ਇੱਕ ਗੰਭੀਰ ਚਿੰਤਾ

ਅੱਜ ਕੋਈ ਵੀ ਅਖ਼ਬਾਰ, ਟੀਵੀ ਚੈਨਲ ਜਾਂ ਸੋਸ਼ਲ ਮੀਡੀਆ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਦੀਆਂ ਖ਼ਬਰਾਂ ਤੋਂ ਬਿਨਾਂ ਪੂਰਾ ਨਹੀਂ ਹੁੰਦਾ। ਇਹ ਅਪਰਾਧ ਕਈ ਰੂਪਾਂ ਵਿੱਚ ਸਾਹਮਣੇ ਆਉਂਦੇ ਹਨ:

ਬਲਾਤਕਾਰ ਅਤੇ ਜਿਨਸੀ ਸ਼ੋਸ਼ਣ: ਬਲਾਤਕਾਰ ਸਿਰਫ਼ ਇੱਕ ਸਰੀਰਕ ਹਮਲਾ ਨਹੀਂ, ਸਗੋਂ ਔਰਤ ਦੀ ਰੂਹ ਅਤੇ ਸਵੈਮਾਣ ‘ਤੇ ਇੱਕ ਡੂੰਘੀ ਸੱਟ ਹੈ। ਕੰਮ ਵਾਲੀ ਥਾਂ ‘ਤੇ ਜਿਨਸੀ ਸ਼ੋਸ਼ਣ, ਛੇੜਛਾੜ ਅਤੇ ਤੇਜ਼ਾਬੀ ਹਮਲੇ ਵਰਗੀਆਂ ਘਟਨਾਵਾਂ ਔਰਤਾਂ ਦੇ ਮਨ ਵਿੱਚ ਡਰ ਪੈਦਾ ਕਰਦੀਆਂ ਹਨ ਅਤੇ ਉਨ੍ਹਾਂ ਦੀ ਆਜ਼ਾਦੀ ਨੂੰ ਸੀਮਿਤ ਕਰਦੀਆਂ ਹਨ।

ਘਰੇਲੂ ਹਿੰਸਾ: ਇਹ ਇੱਕ ਅਜਿਹਾ ਅਪਰਾਧ ਹੈ ਜੋ ਬੰਦ ਦਰਵਾਜ਼ਿਆਂ ਪਿੱਛੇ ਵਾਪਰਦਾ ਹੈ। ਪਤੀ ਜਾਂ ਪਰਿਵਾਰਕ ਮੈਂਬਰਾਂ ਦੁਆਰਾ ਕੀਤੀ ਜਾਂਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਹਿੰਸਾ ਔਰਤ ਦੇ ਜੀਵਨ ਨੂੰ ਨਰਕ ਬਣਾ ਦਿੰਦੀ ਹੈ। ਸਮਾਜਿਕ ਦਬਾਅ ਅਤੇ ਆਰਥਿਕ ਨਿਰਭਰਤਾ ਕਾਰਨ ਬਹੁਤੀਆਂ ਔਰਤਾਂ ਚੁੱਪ-ਚਾਪ ਇਹ ਸਭ ਸਹਿੰਦੀਆਂ ਰਹਿੰਦੀਆਂ ਹਨ।

ਦਾਜ ਲਈ ਮੌਤ: ਦਾਜ ਪ੍ਰਥਾ ਇੱਕ ਅਜਿਹੀ ਸਮਾਜਿਕ ਲਾਹਨਤ ਹੈ, ਜਿਸ ਕਾਰਨ ਹਰ ਸਾਲ ਹਜ਼ਾਰਾਂ ਨਵ-ਵਿਆਹੁਤਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਹ ਲਾਲਚ ਅਤੇ ਅਣਮਨੁੱਖੀ ਸੋਚ ਦਾ ਪ੍ਰਤੀਕ ਹੈ।

ਕੰਨਿਆ ਭਰੂਣ ਹੱਤਿਆ: ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣਾ ਸਿਰਫ਼ ਇੱਕ ਅਪਰਾਧ ਨਹੀਂ, ਸਗੋਂ ਇਹ ਲਿੰਗਕ ਅਸਮਾਨਤਾ ਦਾ ਸਭ ਤੋਂ ਘਿਣਾਉਣਾ ਰੂਪ ਹੈ। ਇਸ ਕਾਰਨ ਸਮਾਜ ਵਿੱਚ ਲਿੰਗ ਅਨੁਪਾਤ ਵਿਗੜ ਰਿਹਾ ਹੈ, ਜਿਸ ਦੇ ਭਵਿੱਖ ਵਿੱਚ ਭਿਆਨਕ ਸਿੱਟੇ ਨਿਕਲਣਗੇ।

## ਲਿੰਗਕ ਅਸਮਾਨਤਾ: ਸਮੱਸਿਆ ਦੀ ਅਸਲ ਜੜ੍ਹ

ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਦੀ ਮੁੱਖ ਜੜ੍ਹ ਸਾਡੇ ਸਮਾਜ ਦੀ ਪੁਰਸ਼-ਪ੍ਰਧਾਨ ਸੋਚ ਹੈ, ਜੋ ਮਰਦ ਨੂੰ ਔਰਤ ਤੋਂ ਉੱਤਮ ਸਮਝਦੀ ਹੈ। ਇਹ ਅਸਮਾਨਤਾ ਜੀਵਨ ਦੇ ਹਰ ਖੇਤਰ ਵਿੱਚ ਦਿਖਾਈ ਦਿੰਦੀ ਹੈ:

ਪਰਵਰਿਸ਼ ਵਿੱਚ ਵਿਤਕਰਾ: ਅੱਜ ਵੀ ਬਹੁਤੇ ਪਰਿਵਾਰਾਂ ਵਿੱਚ ਮੁੰਡੇ ਦੇ ਜਨਮ ‘ਤੇ ਜਸ਼ਨ ਮਨਾਏ ਜਾਂਦੇ ਹਨ, ਜਦਕਿ ਧੀ ਦੇ ਜਨਮ ‘ਤੇ ਚੁੱਪ ਪਸਰ ਜਾਂਦੀ ਹੈ। ਮੁੰਡਿਆਂ ਨੂੰ ਖੁੱਲ੍ਹ, ਆਜ਼ਾਦੀ ਅਤੇ ਬਿਹਤਰ ਖੁਰਾਕ ਦਿੱਤੀ ਜਾਂਦੀ ਹੈ, ਜਦਕਿ ਕੁੜੀਆਂ ‘ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ।

ਸਿੱਖਿਆ: ਬਹੁਤ ਸਾਰੇ ਪਰਿਵਾਰਾਂ ਵਿੱਚ ਲੜਕਿਆਂ ਦੀ ਪੜ੍ਹਾਈ ਨੂੰ ਲੜਕੀਆਂ ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ। ਲੜਕੀਆਂ ਨੂੰ ਘਰ ਦੇ ਕੰਮਾਂ ਜਾਂ ਛੇਤੀ ਵਿਆਹ ਲਈ ਪੜ੍ਹਾਈ ਛੱਡਣ ਲਈ ਮਜਬੂਰ ਕੀਤਾ ਜਾਂਦਾ ਹੈ।

ਰੁਜ਼ਗਾਰ: ਕੰਮਕਾਜੀ ਖੇਤਰ ਵਿੱਚ ਔਰਤਾਂ ਨੂੰ ਅਕਸਰ ਮਰਦਾਂ ਦੇ ਬਰਾਬਰ ਕੰਮ ਕਰਨ ਦੇ ਬਾਵਜੂਦ ਘੱਟ ਤਨਖਾਹ ਮਿਲਦੀ ਹੈ। ਉਨ੍ਹਾਂ ਨੂੰ ਉੱਚੇ ਅਹੁਦਿਆਂ ਤੱਕ ਪਹੁੰਚਣ ਵਿੱਚ ਵੀ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਿਹਤ ਅਤੇ ਪੋਸ਼ਣ: ਪਰਿਵਾਰ ਵਿੱਚ ਲੜਕੀਆਂ ਦੀ ਸਿਹਤ ਅਤੇ ਖੁਰਾਕ ਨੂੰ ਅਕਸਰ ਅਣਗੌਲਿਆ ਕੀਤਾ ਜਾਂਦਾ ਹੈ, ਜਿਸ ਕਾਰਨ ਉਹ ਕੁਪੋਸ਼ਣ ਅਤੇ ਖੂਨ ਦੀ ਕਮੀ (ਅਨੀਮੀਆ) ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦੀਆਂ ਹਨ।

ਫ਼ੈਸਲੇ ਲੈਣ ਦੀ ਆਜ਼ਾਦੀ: ਘਰ ਅਤੇ ਸਮਾਜ ਦੇ ਮਹੱਤਵਪੂਰਨ ਫ਼ੈਸਲਿਆਂ ਵਿੱਚ ਔਰਤਾਂ ਦੀ ਰਾਏ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਭਾਵੇਂ ਉਹ ਫ਼ੈਸਲੇ ਸਿੱਧੇ ਤੌਰ ‘ਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਹੀ ਕਿਉਂ ਨਾ ਜੁੜੇ ਹੋਣ।

ਆਰਥਿਕ ਨਿਰਭਰਤਾ: ਜਦੋਂ ਔਰਤਾਂ ਆਰਥਿਕ ਤੌਰ ‘ਤੇ ਦੂਜਿਆਂ ‘ਤੇ ਨਿਰਭਰ ਹੁੰਦੀਆਂ ਹਨ, ਤਾਂ ਉਨ੍ਹਾਂ ਲਈ ਆਪਣੇ ‘ਤੇ ਹੁੰਦੇ ਜ਼ੁਲਮ ਵਿਰੁੱਧ ਆਵਾਜ਼ ਚੁੱਕਣੀ ਔਖੀ ਹੋ ਜਾਂਦੀ ਹੈ।

## ਸਮਾਧਾਨ ਅਤੇ ਅੱਗੇ ਦਾ ਰਾਹ

ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਇੱਕ ਬਹੁ-ਪੱਖੀ ਪਹੁੰਚ ਅਪਣਾਉਣ ਦੀ ਲੋੜ ਹੈ:

ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ: ਔਰਤਾਂ ਦੀ ਸੁਰੱਖਿਆ ਲਈ ਬਣਾਏ ਗਏ ਕਾਨੂੰਨਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਦੋਸ਼ੀਆਂ ਨੂੰ ਛੇਤੀ ਅਤੇ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਸਮਾਜ ਵਿੱਚ ਇੱਕ ਮਿਸਾਲ ਕਾਇਮ ਹੋ ਸਕੇ।

ਸਿੱਖਿਆ ਅਤੇ ਜਾਗਰੂਕਤਾ: ਸਭ ਤੋਂ ਵੱਡੀ ਲੋੜ ਸਮਾਜਿਕ ਸੋਚ ਨੂੰ ਬਦਲਣ ਦੀ ਹੈ। ਸਕੂਲਾਂ, ਕਾਲਜਾਂ ਅਤੇ ਘਰਾਂ ਵਿੱਚ ਬੱਚਿਆਂ, ਖ਼ਾਸ ਕਰਕੇ ਲੜਕਿਆਂ ਨੂੰ, ਔਰਤਾਂ ਦਾ ਸਤਿਕਾਰ ਕਰਨਾ ਅਤੇ ਲਿੰਗਕ ਬਰਾਬਰੀ ਦੀ ਮਹੱਤਤਾ ਸਿਖਾਉਣੀ ਚਾਹੀਦੀ ਹੈ।

ਆਰਥਿਕ ਸਸ਼ਕਤੀਕਰਨ: ਔਰਤਾਂ ਨੂੰ ਆਰਥਿਕ ਤੌਰ ‘ਤੇ ਆਤਮ-ਨਿਰਭਰ ਬਣਾਉਣਾ ਬਹੁਤ ਜ਼ਰੂਰੀ ਹੈ। ਜਦੋਂ ਇੱਕ ਔਰਤ ਆਰਥਿਕ ਤੌਰ ‘ਤੇ ਮਜ਼ਬੂਤ ਹੁੰਦੀ ਹੈ, ਤਾਂ ਉਹ ਆਪਣੇ ਵਿਰੁੱਧ ਹੁੰਦੇ ਅਨਿਆਂ ਖ਼ਿਲਾਫ਼ ਆਵਾਜ਼ ਉਠਾਉਣ ਦੇ ਸਮਰੱਥ ਹੁੰਦੀ ਹੈ।

ਸਮਾਜ ਦੀ ਸਮੂਹਿਕ ਜ਼ਿੰਮੇਵਾਰੀ: ਔਰਤਾਂ ਦੀ ਸੁਰੱਖਿਆ ਸਿਰਫ਼ ਸਰਕਾਰ ਜਾਂ ਪੁਲਿਸ ਦੀ ਨਹੀਂ, ਸਗੋਂ ਇਹ ਪੂਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਹਰ ਨਾਗਰਿਕ ਦਾ ਫ਼ਰਜ਼ ਹੈ ਕਿ ਉਹ ਕਿਤੇ ਵੀ ਹੋ ਰਹੀ ਹਿੰਸਾ ਜਾਂ ਅਨਿਆਂ ਵਿਰੁੱਧ ਆਵਾਜ਼ ਚੁੱਕੇ।

## ਸਿੱਖਿਆ ਦੀ ਸ਼ਕਤੀ - ਇੱਕ ਕ੍ਰਾਂਤੀਕਾਰੀ ਬਦਲਾਅ

ਇਸ ਹਨੇਰੇ ਵਿੱਚ ਉਮੀਦ ਦੀ ਇੱਕੋ-ਇੱਕ ਕਿਰਨ ਔਰਤਾਂ ਦੀ ਸਿੱਖਿਆ ਹੈ। ਇਹ ਕਹਾਵਤ ਬਿਲਕੁਲ ਸੱਚ ਹੈ ਕਿ “ਜਦੋਂ ਇੱਕ ਮਰਦ ਪੜ੍ਹਦਾ ਹੈ, ਤਾਂ ਸਿਰਫ਼ ਇੱਕ ਵਿਅਕਤੀ ਸਿੱਖਿਅਤ ਹੁੰਦਾ ਹੈ, ਪਰ ਜਦੋਂ ਇੱਕ ਔਰਤ ਪੜ੍ਹਦੀ ਹੈ, ਤਾਂ ਪੂਰੀ ਪੀੜ੍ਹੀ ਸਿੱਖਿਅਤ ਹੋ ਜਾਂਦੀ ਹੈ।” ਇੱਕ ਪੜ੍ਹੀ-ਲਿਖੀ ਔਰਤ ਨਾ ਸਿਰਫ਼ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦੀ ਹੈ, ਸਗੋਂ ਉਹ ਆਰਥਿਕ ਤੌਰ ‘ਤੇ ਆਤਮ-ਨਿਰਭਰ ਬਣ ਕੇ ਆਪਣੇ ਫ਼ੈਸਲੇ ਖ਼ੁਦ ਲੈਣ ਦੇ ਕਾਬਲ ਬਣਦੀ ਹੈ। ਉਹ ਆਪਣੇ ਪਰਿਵਾਰ ਦੀ ਬਿਹਤਰ ਦੇਖਭਾਲ ਕਰਦੀ ਹੈ ਅਤੇ ਆਪਣੇ ਬੱਚਿਆਂ ਨੂੰ ਲਿੰਗਕ ਭੇਦਭਾਵ ਤੋਂ ਬਿਨਾਂ ਚੰਗੀ ਸਿੱਖਿਆ ਅਤੇ ਸੰਸਕਾਰ ਦਿੰਦੀ ਹੈ। ਇਸ ਤਰ੍ਹਾਂ, ਉਹ ਇੱਕ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕਿਸੇ ਸਮਾਜ ਦੀ ਤਰੱਕੀ ਦਾ ਪੈਮਾਨਾ ਸੜਕਾਂ ਜਾਂ ਇਮਾਰਤਾਂ ਨਹੀਂ, ਸਗੋਂ ਉਸ ਸਮਾਜ ਵਿੱਚ ਔਰਤ ਦਾ ਸਥਾਨ ਹੁੰਦਾ ਹੈ। ਔਰਤ ਨੂੰ ਸਿਰਫ਼ ‘ਦੇਵੀ’ ਕਹਿ ਕੇ ਪੂਜਣ ਦਾ ਢੌਂਗ ਬੰਦ ਕਰਨਾ ਪਵੇਗਾ ਅਤੇ ਉਸ ਨੂੰ ਇੱਕ ਇਨਸਾਨ ਵਜੋਂ ਬਰਾਬਰੀ, ਸਨਮਾਨ ਅਤੇ ਸੁਰੱਖਿਆ ਦੇਣੀ ਪਵੇਗੀ। ਇਸ ਲਈ ਸੋਚ ਬਦਲਣੀ ਲਾਜ਼ਮੀ ਹੈ। ਜਦੋਂ ਹਰ ਪਰਿਵਾਰ ਆਪਣੀਆਂ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਪੜ੍ਹਾਏਗਾ, ਮੌਕੇ ਦੇਵੇਗਾ ਅਤੇ ਉਨ੍ਹਾਂ ਦੀ ਆਵਾਜ਼ ਨੂੰ ਸੁਣੇਗਾ, ਉਦੋਂ ਹੀ ਸਮਾਜ ਵਿੱਚੋਂ ਹਿੰਸਾ ਅਤੇ ਅਸਮਾਨਤਾ ਦਾ ਹਨੇਰਾ ਮਿਟੇਗਾ। ਅਸਲ ਪੂਜਾ ਮੂਰਤੀਆਂ ਦੀ ਨਹੀਂ, ਸਗੋਂ ਘਰ ਅਤੇ ਸਮਾਜ ਵਿੱਚ ਵਿਚਰਦੀ ਹਰ ਔਰਤ ਨੂੰ ਉਸ ਦਾ ਬਣਦਾ ਹੱਕ ਦੇਣ ਵਿੱਚ ਹੈ।

# ਬਹਾਦਰਗੜ੍ਹ ਦੀ ਹਰਗੋਬਿੰਦ ਕਲੋਨੀ ਵਿਖੇ ਵਿਕਾਸ ਕਾਰਜਾਂ ਵਿਚ ਤੇਜ਼ੀ, ਕੁਲਦੀਪ ਸੋਮਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com



ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਪਟਿਆਲਾ ਜ਼ਿਲ੍ਹੇ ਦੇ ਕਸਬੇ ਬਹਾਦਰਗੜ੍ਹ ਵਿਖੇ ਸਰਪੰਚ ਗੁਰਿੰਦਰ ਸਿੰਘ ਤੇ ਸਮੂਹ ਪੰਚਾਇਤ ਮੈਂਬਰਾਂ ਤੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਸੋਮਲ ਦੀ ਅਗਵਾਈ ਹੇਠ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਕੁਲਦੀਪ ਸਿੰਘ ਸੋਮਲ ਤੇ ਗੁਰਿੰਦਰ ਸਿੰਘ ਸਰਪੰਚ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਹਰਗੋਬਿੰਦ ਕਲੋਨੀ ਬਹਾਦਰਗੜ੍ਹ ਦੀਆਂ ਗਲੀਆਂ ਨਾਲੀਆਂ ਤੇ ਸੀਵਰੇਜ਼ ਦਾ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਰਹਿੰਦੇ ਕੰਮ ਜਲਦੀ ਨੇਪਰੇ ਚਾੜ੍ਹੇ ਜਾਣਗੇ

## ਸੰਪਾਦਕ ਦੇ ਨਾਮ ਖਤ

### ਟੂਟੀਆਂ ਦੇ ਪਾਣੀ ਦੀ ਦੁਰਵਰਤੋਂ ਰੋਕੋ .................

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com

ਪਾਣੀ ਕੁਦਰਤ ਦੀ ਬਖਸ਼ੀ ਹੋਈ ਬਹੁਤ ਹੀ ਅਨਮੋਲ ਦਾਤ ਹੈ। ਪਾਣੀ ਬਿਨਾਂ ਧਰਤੀ ਉੱਪਰ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸੇ ਲਈ ਹੀ ਪਾਣੀ ਨੂੰ ਗੁਰਬਾਣੀ ਵਿੱਚ ਵੀ ਪਿਤਾ ਦਾ ਦਰਜ਼ਾ ਦਿੱਤਾ ਗਿਆ ਹੈ। ਪ੍ਰੰਤੂ ਅੱਜ ਕੱਲ ਆਮ ਹੀ ਵੇਖਿਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਪੀਣਯੋਗ ਪਾਣੀ ਦੀ ਵੱਡੇ ਪੱਧਰ ਤੇ ਦੁਰਵਰਤੋਂ ਕੀਤੀ ਜਾ ਰਹੀ ਹੈ। ਪਾਣੀ ਨੂੰ ਬਰਬਾਦ ਕਰਨ ਵਿੱਚ ਜਿਆਦਾਤਰ ਪੜ੍ਹਿਆ ਲਿਖਿਆ ਵਰਗ ਹੀ ਆਪਣਾ ਯੋਗਦਾਨ ਪਾ ਰਿਹਾ ਹੈ। ਪੰਜਾਬ ਵਿੱਚ ਬਿਜਲੀ ਮੁਆਫ਼ ਹੋਣ ਕਰਕੇ ਲੋਕ ਟੂਟੀਆਂ ਦੇ ਪਾਣੀ ਨਾਲ ਗੱਡੀਆਂ ਧੋ ਰਹੇ ਹਨ, ਫ਼ਰਸ਼ ਧੋ ਰਹੇ ਹਨ, ਢਾਣੀਆਂ ਵਿੱਚ ਬੈਠੇ ਲੋਕ ਸਬਜ਼ੀਆਂ ਅਤੇ ਫ਼ਸਲਾਂ ਵਿੱਚ ਪੀਣਯੋਗ ਟੂਟੀਆਂ ਦਾ ਪਾਣੀ ਖੁੱਲ੍ਹੇਆਮ ਛੱਡਕੇ ਬਰਬਾਦ ਕਰ ਰਹੇ ਹਨ। ਕਈ ਧਨਾਂਢ ਲੋਕ ਤਾਂ ਆਪਣੀ ਸਿਆਸੀ ਪਹੁੰਚ ਕਰਕੇ ਆਪਣੀਆਂ ਢਾਣੀਆਂ ਤੱਕ ਅਲੱਗ ਪਾਣੀ ਦੀਆਂ ਪਾਈਪਾਂ ਪਵਾਕੇ ਲੈ ਜਾਂਦੇ ਹਨ, ਜਿਸ ਕਰਕੇ ਪੂਰੇ ਮੁਹੱਲੇ/ਖੇਤਰ ਦੀ ਪਾਣੀ ਸਪਲਾਈ ਵਿਗੜ ਜਾਂਦੀ ਹੈ। ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦਿੰਦੇ ਹੋਏ, ਅਧਿਕਾਰੀਆਂ ਨੂੰ ਪੇਂਡੂ ਖੇਤਰ ਵਿੱਚ ਭੇਜ ਕੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਬਿਹਤਰ ਬਣਾਉਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲ ਸਕੇ ‘ ਤੇ ਉਹ ਗੰਭੀਰ ਬਿਮਾਰੀਆਂ ਤੋਂ ਬਚ ਸਕਣ। ਇਸੇ ਵਿਚ ਹੀ ਮਨੁੱਖਤਾ ਦੀ ਵੱਡੀ ਭਲਾਈ ਹੈ।

ਅੰਗਰੇਜ ਸਿੰਘ ਵਿੱਕੀ,
ਪਿੰਡ + ਡਾਕ. ਕੋਟਗੁਰੂ (ਬਠਿੰਡਾ)

# ਰੈੱਡ ਕਰਾਸ ਅਤੇ ਹਾਰਟੇਕ ਫਾਊਂਡੇਸ਼ਨ ਨੇ ADAPT ਖੋਜ ਫੈਲੋਸ਼ਿਪ ‘ਤੇ ਸਮਝੌਤੇ ‘ਤੇ ਦਸਤਖਤ ਕੀਤੇ

## ਫੈਲੋਸ਼ਿਪ ਰਾਹੀਂ ਨੌਜਵਾਨਾਂ ਲਈ “ਕਮਾਉਣ ਅਤੇ ਸਿੱਖਣ” ਦਾ ਮੌਕਾ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

“Equality and justice”
Patiala 28 June
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਅਤੇ ਮੋਹਾਲੀ ਸਥਿਤ ਹਾਰਟੇਕ ਫਾਊਂਡੇਸ਼ਨ ਵਿਚਕਾਰ ਇੱਕ ਸਮਝੌਤਾ ਪੱਤਰ (ਐਮਓਯੂ) ‘ਤੇ ਹਸਤਾਖਰ ਕੀਤੇ ਗਏ ਹਨ ਜਿਸ ਤਹਿਤ ਏਡੀਏਪੀਟੀ ਰਿਸਰਚ ਫੈਲੋਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਇਹ ਪਹਿਲ ਹਾਰਟੇਕ ਫਾਊਂਡੇਸ਼ਨ ਦੁਆਰਾ ਕੀਤੀ ਜਾ ਰਹੀ ਹੈ, ਜੋ ਕਿ ਹਾਰਟੇਕ ਗਰੁੱਪ ਦੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਸ਼ਾਖਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਫੈਲੋਸ਼ਿਪ ਤਹਿਤ, ਹਾਰਟੇਕ ਫਾਊਂਡੇਸ਼ਨ ਚੁਣੇ ਗਏ ਖੋਜ ਫੈਲੋਆਂ ਨੂੰ ਵਿੱਤੀ ਸਹਾਇਤਾ (ਵਜ਼ੀਫ਼ਾ) ਪ੍ਰਦਾਨ ਕਰੇਗਾ, ਜੋ ਜ਼ਿਲ੍ਹਾ ਪ੍ਰਸ਼ਾਸਨ ਨਾਲ ਵੱਖ-ਵੱਖ ਖੋਜ ਅਤੇ ਵਿਸ਼ਲੇਸ਼ਣਾਤਮਕ ਪ੍ਰੋਜੈਕਟਾਂ ‘ਤੇ ਕੰਮ ਕਰਨਗੇ। ਫੈਲੋਸ਼ਿਪ ਦਾ ਉਦੇਸ਼ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਵਿਸ਼ਲੇਸ਼ਣਾਤਮਕ, ਖੋਜ ਅਤੇ ਪ੍ਰਬੰਧਕੀ ਸਮਰੱਥਾਵਾਂ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਹਾਇਕ ਕਮਿਸ਼ਨਰ ਓਸ਼ੀ ਮੰਡਲ (ਆਈ.ਏ.ਐਸ.) ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜੋ ਰੈੱਡ ਕਰਾਸ ਅਤੇ ਹਾਰਟੇਕ ਫਾਊਂਡੇਸ਼ਨ ਨਾਲ ਤਾਲਮੇਲ ਕਰਨਗੇ। ਫੈਲੋਸ਼ਿਪ ਲਈ ਚੋਣ ਪ੍ਰਕਿਰਿਆ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੁਆਰਾ ਪ੍ਰਿੰਟ ਮੀਡੀਆ, ਸੋਸ਼ਲ ਮੀਡੀਆ ਅਤੇ ਕਾਲਜਾਂ ਅਤੇ ਵਿਦਿਅਕ ਸੰਸਥਾਵਾਂ ਰਾਹੀਂ ਕੀਤੀ ਜਾਵੇਗੀ। ਇਸ ਲਈ ਨਿਰਧਾਰਤ ਯੋਗਤਾ ਮਾਪਦੰਡਾਂ ਦੇ ਅਨੁਸਾਰ, ਬਿਨੈਕਾਰ ਨੂੰ ਭਾਰਤ ਵਿੱਚ ਰਹਿਣ ਵਾਲਾ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ। ਨਾਲ ਹੀ ਉਸ ਕੋਲ ਅਰਥ ਸ਼ਾਸਤਰ, ਅੰਕੜਾ, ਵਣਜ, ਗਣਿਤ (ਐਮ.ਏ/ਐਮ.ਐਸ.ਸੀ) ਜਾਂ ਕੰਪਿਊਟਰ ਸਾਇੰਸ (ਬੀ.ਟੈਕ/ਐਮ.ਟੈਕ) ਵਿੱਚ ਪੋਸਟ ਗ੍ਰੈਜੂਏਸ਼ਨ ਜਾਂ ਤਕਨੀਕੀ ਡਿਗਰੀ ਹੋਣੀ ਚਾਹੀਦੀ ਹੈ। ਡਾਟਾ ਵਿਸ਼ਲੇਸ਼ਣ ਅਤੇ ਨੀਤੀ ਖੋਜ ਵਿੱਚ ਤਜਰਬਾ ਰੱਖਣ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਐਕਸਲ, ਸਟੈਟਾ, ਆਰ ਜਾਂ ਪਾਈਥਨ ਵਰਗੇ ਟੂਲਸ ਨਾਲ ਕੰਮ ਕਰਨ ਦੇ ਹੁਨਰ ਦੀ ਵੀ ਲੋੜ ਹੋਵੇਗੀ। ਚੋਣ ਦੇ ਸਮੇਂ ਬਿਨੈਕਾਰ ਕਿਸੇ ਹੋਰ ਫੈਲੋਸ਼ਿਪ ਲਈ ਯੋਗ ਨਹੀਂ ਹੋਣਾ ਚਾਹੀਦਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਫੈਲੋਸ਼ਿਪ ਘੱਟੋ-ਘੱਟ ਇੱਕ ਸਾਲ ਦੀ ਮਿਆਦ ਲਈ ਹੋਵੇਗੀ, ਜਿਸ ਨੂੰ ਪ੍ਰਦਰਸ਼ਨ ਦੇ ਆਧਾਰ ‘ਤੇ ਅੱਗੇ ਵਧਾਇਆ ਜਾ ਸਕਦਾ ਹੈ। ਉਨ੍ਹਾਂ ਇਸ ਪਹਿਲਕਦਮੀ ਨੂੰ ਨੌਜਵਾਨਾਂ ਲਈ “ਕਮਾਓ ਅਤੇ ਸਿੱਖੋ” ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ ਜੋ ਉਨ੍ਹਾਂ ਨੂੰ ਪ੍ਰਸ਼ਾਸਨ ਦੇ ਵੱਖ-ਵੱਖ ਪ੍ਰੋਜੈਕਟਾਂ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰੇਗਾ ਅਤੇ ਉਨ੍ਹਾਂ ਨੂੰ ਨੀਤੀਗਤ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੇ ਯੋਗ ਬਣਾਏਗਾ।

# ਪੰਜਾਬ ਕਲਾ ਮੰਚ ਵੱਲੋਂ ਤੀਆਂ ਦਾ 24ਵਾਂ ਮੇਲਾ ਕਰਵਾਉਣ ਦੀਆਂ ਤਿਆਰੀਆਂ ਸਬੰਧੀ ਵਿਸ਼ੇਸ਼ ਮੀਟਿੰਗ

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਸ਼੍ਰੀ ਚਮਕੌਰ ਸਾਹਿਬ 28 ਜੂਨ (ਹਰਦਿਆਲ ਸਿੰਘ ਸੰਧੂ) ਡਾਕਟਰ ਰਾਜਪਾਲ ਕਲੀਨਕ ਵਿਖੇ ਤੀਆਂ ਦਾ 24ਵਾਂ ਮੇਲਾ ਕਰਵਾਉਣ ਸਬੰਧੀ ਰੂਪ ਰੇਖਾ ਉਲੀਕਣ ਅਤੇ ਬੰਦੋਬਸਤ ਦੀਆਂ ਤਿਆਰੀਆਂ ਨੂੰ ਲੈ ਕੇ ਪੰਜਾਬ ਕਲਾ ਮੰਚ ਰਜਿ (ਸਟੇਟ ਐਵਾਰਡ) ਸ੍ਰੀ ਚਮਕੌਰ ਸਾਹਿਬ ਵੱਲੋਂ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਸੱਦੀ ਗਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਤੀਆਂ ਦਾ ਮੇਲਾ ਕਰਵਾਉਣ ਸਬੰਧੀ ਸਲਾਹ ਮਸ਼ਵਰਾ ਅਤੇ ਵਿਚਾਰਾਂ ਕੀਤੀਆਂ ਗਈਆਂ ਜਿਸ ਵਿਚ ਹਾਜ਼ਰ ਆਏ ਅਹੁਦੇਦਾਰ ਅਤੇ ਮੈਂਬਰਾਂ ਵੱਲੋਂ ਆਪੋ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਸਰਬ ਸੰਮਤੀ ਨਾਲ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਕਿ ਇਲਾਕੇ ਦਾ ਹਰਮਨ ਪਿਆਰਾ ਤੀਆਂ ਦਾ ਮੇਲਾ ਹਰ ਇਕ ਨੌਜਵਾਨ ਮੁਟਿਆਰ, ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਦਾ ਮੇਲਾ ਹੈ ਜੋ ਕਿ ਦੁਨੀਆ ਭਰ ਵਿੱਚ ਮਸ਼ਹੂਰ ਹੈ ਜਿਸ ਵਿੱਚ ਦਰਸ਼ਕਾ ਦਾ ਭਾਰੀ ਇਕੱਠ ਹੁੰਦਾ ਹੈ। ਤੀਆਂ ਦੇ ਮੇਲੇ ਦੀ ਰੂਪਰੇਖਾ ਉਲੀਕਣ ਅਤੇ ਬੰਦੋਬਸਤ ਆਦਿ ਦੀਆਂ ਤਿਆਰੀਆਂ ਕਰਨ ਲਈ ਜਲਦ ਹੀ ਅਗਲੀ ਮੀਟਿੰਗ ਵਿੱਚ ਫੈਸਲਾ ਲਿਆ ਜਾਵੇਗਾ। ਇਸ ਮੀਟਿੰਗ ਵਿੱਚ ਡਾਕਟਰ ਰਾਜਪਾਲ ਸਿੰਘ ਕੈਪਟਨ ਹਰਪਾਲ ਸਿੰਘ ਸੰਧੂਆ ਮਨਮੋਹਨ ਸਿੰਘ ਕਮਾਲਪੁਰ ਸਰਪੰਚ ਸੋਮ ਸਿੰਘ ਮੰਡੀਆਂ ਬਲਜੀਤ ਸਿੰਘ ਬਸੀ ਗੁਜਰਾਂ ਜੀਵਨ ਸਿੰਘ ਰਘਬੀਰ ਸਿੰਘ ਮੜੌਲੀ ਕਲਾ ਤੋਂ ਇਲਾਵਾ ਪੁਰਾਣੇ ਮੈਂਬਰ ਹਰਵਿੰਦਰ ਸਿੰਘ ਮੁੰਡੀਆਂ ਅਵਤਾਰ ਸਿੰਘ ਭੇਜੇ ਮਾਜਰਾ ਤੇ ਜਸਵਿੰਦਰ ਸਿੰਘ ਖੇੜੀ ਸਲਾਬਤ ਪੁਰ ਆਦਿ ਹਾਜ਼ਰ ਸਨ।

# ਗੜ੍ਹਸ਼ੰਕਰ ਸ਼ਹਿਰ ਵਿਕਾਸ ਦੀਆਂ ਅਨੇਕਾਂ ਕਮੀਆਂ ਨਾਲ ਜੂਝ ਰਿਹਾ ਹੈ - ਪ੍ਰਧਾਨ ਸਤੀਸ਼ ਕੁਮਾਰ ਸੋਨੀ

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਅੱਜ ਜਿਥੇ ਸਾਡੀ ਸੂਬਾ ਸਰਕਾਰ ਵਿਕਾਸ ਦੀਆਂ ਗੱਲਾਂ ਕਰਦੀ ਹੈ। ਉਥੇ ਸਾਡਾ ਗੜ੍ਹਸ਼ੰਕਰ ਸ਼ਹਿਰ ਵਿਕਾਸ ਪੱਖੋਂ ਅਨੇਕਾਂ ਹੀ ਕਮੀਆਂ ਨਾਲ ਜੂਝ ਰਿਹਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਨਾਲ ਵਾਰਤਾ ਦੌਰਾਨ ਕਹੇ । ਉਹਨਾ ਕਿਹਾ ਕਿ ਜਿੱਥੇ ਸਰਕਾਰ ਵਿਕਾਸ ਦੀਆਂ ਗੱਲਾਂ ਕਰਦੀ ਹੈ, ਉਥੇ ਗੜ੍ਹਸ਼ੰਕਰ ਸ਼ਹਿਰ ਗਲੀਆਂ ਨਾਲੀਆਂ ਦੇ ਵਿਕਾਸ ਵਿਚ ਹੀ ਫਸਿਆ ਹੋਇਆ ਹੈ। ਓਹ ਵੀ ਪੂਰੀਆਂ ਨਹੀਂ ਬਣ ਰਹੀਆ। ਜੇਕਰ ਦੇਖਿਆ ਜਾਵੇ ਤਾਂ ਪਿਛਲੇ ਪੰਜ ਛੇ ਮਹੀਨਿਆਂ ਤੋਂ ਸੀਵਰੇਜ ਦੇ ਕੰਮ ਤੋਂ ਬਾਅਦ ਕਚਿਹਿਰੀ ਤੋਂ ਬੀਰਮਪੁਰ ਰੋਡ ਤਕ ਅਤੇ ਰੇਲਵੇ ਫਾਟਕ ਤੋਂ ਪੂਰਾ ਬੀਰਮਪੁਰ ਰੋਡ ਅੱਜ ਨਰਕ ਵਰਗੀ ਤਸਵੀਰ ਪੇਸ਼ ਕਰ ਰਿਹਾ ਹੈ। ਜਿਸ ਵੱਲ੍ਹ ਕਿਸੇ ਵੀ ਲੀਡਰ ਨੇ ਅੱਜ ਤੱਕ ਧਿਆਨ ਨਹੀਂ ਦਿੱਤਾ। ਜੇਕਰ ਕਿਤੇ 15-20 ਮਿੰਟ ਮੀਂਹ ਪੈ ਜਾਵੇ ਤਾਂ ਆਮ ਆਉਣ ਜਾਣ ਵਾਲੇ ਰਾਹੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵੱਲ੍ਹ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਉਹਨਾ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਸੂਬਾ ਸਰਕਾਰ ਕੋਲੇ ਮੰਗ ਕਰਦੇ ਹਾਂ ਕਿ ਕੁੱਛ ਸਮੇਂ ਬਾਅਦ ਬਰਸਾਤ ਦਾ ਮੌਸਮ ਆ ਰਿਹਾ ਹੈ ਤੇ ਆਮ ਪਬਲਿਕ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਖਸਤਾ ਹਾਲ ਬੀਰਮਪੁਰ ਰੋਡ ਨੂੰ ਜਲਦੀ ਤੇ ਜਲਦੀ ਸੁਧਾਰਿਆ ਜਾਵੇ। ਮੁੱਖ ਗੰਦੇ ਨਾਲੇ ਦੀ ਸਫਾਈ ਕਰਵਾਈ ਜਾਵੇ ਅਤੇ ਹੋਰ ਗੜ੍ਹਸ਼ੰਕਰ ਦੇ ਰਹਿੰਦੇ ਵਿਕਾਸ ਪੱਖੋਂ ਵਿਹੂਣੇ ਕੰਮ ਜਲਦੀ ਤੇ ਜਲਦੀ ਕਰਵਾਏ ਜਾਣ।

# ਪਿੰਡ ਕੋਠੀ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ, ਇਸ ਮੀਟਿੰਗ ਵਿਚ

## ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਹਲਕਾ ਚੱਬੇਵਾਲ ਜੀ ਪੁਹੰਚੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਜੂਨ
INTERNATIONAL PAPER, 94636 01616
hardipchumber57@gmail.com



ਚੱਬੇਵਾਲ (ਚਰਨਜੀਤ ਸੱਲ੍ਹਾਂ )ਇਸ ਮੀਟਿੰਗ ਵਿਚ ਮਾਨਯੋਗ ਇੰਚਾਰਜ ਸਾਹਿਬ ਜੀ ਨੇ ਦੱਸਿਆ ਕੀ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਪਿੰਡ ਪਿੰਡ ਪੁਹੰਚ ਕਰਕੇ ਦੱਸਿਆ ਜਾਵੇਗਾ ਕੀ ਕਿਵੇਂ ਪੰਜਾਬ ਸਰਕਾਰ ਦੇ ਨੁਮਾਇੰਦਿਆ, ਪੁਲਿਸ ਤੇ ਡਰੱਗ ਮਾਫ਼ੀਆਂ ਦੇ ਨਾਲ ਚੱਲ ਰਹੇ ਗਠਜੋੜ ਦੇ ਚੱਲਦੇ ਨਸ਼ਾ ਪੰਜਾਬ ਵਿੱਚੋ ਖ਼ਤਮ ਨਹੀਂ ਹੋਵੇਗਾ I ਇਹ ਜਦੋ ਤੋਂ ਪੰਜਾਬ ਅੰਦਰ ਬਸਪਾ ਨਸ਼ਿਆਂ ਅਤੇ ਡਰੱਗ ਮਾਫ਼ੀਆਂ ਦੇ ਖਿਲਾਫ ਕੰਮ ਕਰ ਰਹੀ ਹੈ ਉਦੋਂ ਤੋਂ ਹੀ ਪੰਜਾਬ ਸਰਕਾਰ ਦੀਆਂ ਅੱਖਾਂ ਖੁਲੀਆਂ ਹਨ I ਇਹ ਮਾਨ ਸਰਕਾਰ ਜੋ ਯੁੱਧ ਨਸ਼ਿਆਂ ਵਿਰੁੱਧ ਦੀ ਮੁਹਿੰਮ ਦਾ ਲੋਕ ਦਿਖਾਵਾ ਕਰ ਰਹੀ ਹੈ ਇਹ ਸਿਰਫ ਓਰ ਸਿਰਫ ਰਾਜਨੀਤਿਕ ਜੁਮਲਾ ਹੈ ਹੋਰ ਕੁਝ ਨਹੀਂ I ਪੰਜਾਬ ਸਰਕਾਰ ਦੀਆਂ ਘਟੀਆ ਲੋਕ ਮਾਰੂ ਨੀਤੀਆਂ ਤੋਂ ਬਸਪਾ ਦੀਆਂ ਟੀਮਾ ਪਿੰਡ ਪਿੰਡ ਪੁਹੰਚ ਕਰਕੇ ਲੋਕਾਂ ਨੂੰ ਜਾਗਰੁਕ ਕਰਨਗੀਆਂ I

ਜਿਸ ਸਬੰਧੀ ਐਡਵੋਕੇਟ ਮਾਨਾ ਜੀ ਨੇ ਆਗੂ ਸਹਿਬਾਨਾਂ ਨੂੰ ਹਾਦਾਇਤਾ ਜਾਰੀ ਕੀਤੀਆ ਕੀ ਬਸਪਾ ਦੀ ਮਜਬੂਤੀ ਲਈ ਬੂਥ ਪੱਧਰ ਤੇ ਕੰਮ ਕੀਤਾ ਜਾਵੇ I ਇਸ ਮੌਕੇ ਪਿੰਡ ਕੋਠੀ ਦਾ ਬਸਪਾ ਯੂਨਿਟ ਤਿਆਰ ਕੀਤਾ ਗਿਆ ਤੇ ਬੂਥ ਕਮੇਟੀ ਬਣਾਈ I

ਇਸ ਮੌਕੇ ਹਾਜਰ ਆਗੂ ਸਹਿਬਾਨਾਂ ਵਿਚ ਰਾਕੇਸ਼ ਕੀਟੀ ਜੀ ਜਿਲ੍ਹਾ ਸਕੱਤਰ, ਦਵਿੰਦਰ ਬਾਹੋਵਾਲ ਜੀ ਬਾਮਸੇਫ ਇੰਚਾਰਜ, ,ਕੁਲਵਿੰਦਰ ਕੋਠੀ ਜੀ ,ਵਿੱਕੀ ਬੰਗਾ ਜੀ ,ਬਲਵੰਤ ਨੀਤਪੁਰ ਜੀ , ਰੂਪਾ ਬੰਗਾ, ਰਾਜੇਸ਼ ਭੁੰਨੋ, ਰਵੀ ਬੰਬੇਲੀ, ਚਾਨਣ ਕੋਠੀ, ਭਗਵਾਨ ਦਾਸ ਅਤੇ ਹੋਰ ਸਾਥੀ ਵੀ ਹਾਜ਼ਰ ਸਨ

# *ਐੱਸ.ਸੀ. /ਬੀ. ਸੀ. ਅਧਿਆਪਕ ਯੂਨੀਅਨ ਪੰਜਾਬ ਦੀ ਸਿੱਖਿਆ ਸਕੱਤਰ ਪੰਜਾਬ ਨਾਲ ਹੋਈ ਮੀਟਿੰਗ।

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਐੱਸ.ਸੀ. /ਬੀ. ਸੀ. ਅਧਿਆਪਕ ਯੂਨੀਅਨ ਪੰਜਾਬ ਅਤੇ ਹੋਰ ਅਧਿਆਪਕ ਜਥੇਬੰਦੀਆਂ ਦੀ ਸਕੱਤਰ ਸਕੂਲ ਸਿੱਖਿਆ ਨਾਲ ਮਿੰਨੀ ਸਕੱਤਰੇਤ ਪੰਜਾਬ (ਚੰਡੀਗੜ੍ਹ) ਵਿਖੇ ਮੀਟਿੰਗ ਹੋਈ ਜਿਸ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ, ਕਾਰਜਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ ਵਿੱਚ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਮੀਤ ਪ੍ਰਧਾਨ ਪਰਵਿੰਦਰ ਭਾਰਤੀ ਅਧਾਰਿਤ ਆਗੂਆਂ ਦਾ ਵਫਦ ਸ਼ਾਮਿਲ ਹੋਇਆ।

ਆਗੂਆਂ ਨੇ ਦੱਸਿਆ ਕਿ ਬਹੁਤ ਸਮੇਂ ਬਾਅਦ ਸਿੱਖਿਆ ਸਕੱਤਰ ਨੇ ਸੰਜੀਦਗੀ ਨਾਲ ਅਧਿਆਪਕ ਮੰਗਾਂ ਤੇ ਗੱਲਬਾਤ ਕੀਤੀ।ਸਿੱਖਿਆ ਸਕੱਤਰ ਵੱਲੋਂ ਪ੍ਰਸਤਾਵ ਤਿਆਰ ਕੀਤਾ ਗਿਆ ਹੈ ਕਿ ਪ੍ਰੀ ਪ੍ਰਾਇਮਰੀ ਤੋਂ ਬੀ ਪੀ ਈ ਓ ਤੱਕ ਜਿਲ੍ਹਾ ਕਾਡਰ ਹੋਵੇਗਾ। ਸਪੈਸ਼ਲ ਐਜੂਕੇਟਰ ਵਜੋਂ ਪ੍ਰਾਇਮਰੀ ਵਿੱਚ 1950 ਅਤੇ ਸੈਕੰਡਰੀ ਵਿੱਚ 1650 ਅਸਾਮੀਆਂ ਦਿੱਤੀਆਂ ਜਾਣਗੀਆਂ। ਜਨਵਰੀ ਤੋਂ ਦਸੰਬਰ ਤੱਕ ਹਰ ਵਰਗ ਦੀਆਂ ਪੋਸਟਾਂ ਖਾਲੀ ਹੋਣ ਤੋਂ ਪਹਿਲਾਂ ਪ੍ਰਮੋਸ਼ਨ ਲਈ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਈ ਟੀ ਟੀ ਤੋਂ ਐਚ ਟੀ, ਐਚ ਟੀ ਤੋਂ ਸੀ ਐਚ ਟੀ, ਸੀ ਐਚ ਟੀ ਤੋਂ ਬੀ ਪੀ ਈ ਓ ਦੀ ਵਿਭਾਗੀ ਪ੍ਰਮੋਸ਼ਨ ਦਾ ਕੋਟਾ 90% ਹੋਵੇਗਾ। ਪ੍ਰੀ-ਪ੍ਰਾਇਮਰੀ ਤੋਂ ਈਟੀਟੀ ਅਤੇ ਈਟੀਟੀ ਤੋਂ ਐਚ ਟੀ ਦੀ ਪ੍ਰਮੋਸ਼ਨ ਲਈ 4 ਸਾਲ , ਐਚ ਟੀ ਤੋਂ ਸੀ ਐਚ ਟੀ ਅਤੇ ਸੀ ਐਚ ਟੀ ਤੋਂ ਬੀ ਪੀ ਈ ਓ ਦੀ ਪ੍ਰਮੋਸ਼ਨ ਲਈ 2 ਸਾਲ ਦੀ ਸੇਵਾ ਦੀ ਸ਼ਰਤ ਹੋਵੇਗੀ। ਸੈਂਟਰ ਪੱਧਰ ਤੇ ਪੀਟੀਆਈ ਅਧਿਆਪਕ, ਕੰਪਿਊਟਰ ਅਧਿਆਪਕ ਅਤੇ ਕਲਰਕ ਅਤੇ ਸਫਾਈ ਸੇਵਕ ਦੇਣ ਦੀ ਵੀ ਮੰਗ ਤੇ ਸਕੱਤਰ ਸਾਹਿਬਾ ਨੇ ਸਹਿਮਤੀ ਦਿੱਤੀ।ਪ੍ਰਾਇਮਰੀ ਵਿਭਾਗ ਵਿੱਚ 2000 ਪੀਟੀਆਈ ਅਧਿਆਪਕਾਂ ਦੀ ਭਰਤੀ ਜਲਦ ਕਰਨ,ਪ੍ਰਾਇਮਰੀ ਵਿੱਚ ਜਮਾਤਵਾਰ ਅਤੇ ਅਪਰ ਪ੍ਰਾਇਮਰੀ ਵਿੱਚ ਵਿਸ਼ਾਵਾਰ ਅਧਿਆਪਕ ਦੇਣ ਲਈ ਨਵੀਆਂ ਭਰਤੀਆਂ ਕਰਨ,ਕੰਪਿਊਟਰ ਅਧਿਆਪਕਾਂ ਅਤੇ ਮੈਰੀਟੋਰੀਅਸ ਸਕੂਲਾਂ ਦੇ ਸਟਾਫ ਨੂੰ ਰੈਗੂਲਰ ਕਰਨ ,180 ਈ ਟੀ ਟੀ ਅਧਿਆਪਕਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ ਦਾ ਮਾਮਲਾ ਵਿੱਤ ਵਿਭਾਗ ਦੇ ਵਿਚਾਰ ਅਧੀਨ ਹੋਣ,ਰਹਿੰਦੇ 120 ਸਿੱਖਿਆ ਵਲੰਟੀਅਰਾਂ ਨੂੰ ਜਲਦ ਪੱਕਾ ਕਰਨ , 31-12-2025 ਤੱਕ 10 ਸਾਲ ਦੀ ਠੇਕਾ ਆਧਾਰਿਤ ਸੇਵਾ ( 2 ਸਾਲ ਦੇ ਕੋਰਸ ਦੇ ਸਮੇਂ ਸਮੇਤ) ਪੂਰੀ ਕਰਨ ਵਾਲਿਆਂ ਨੂੰ ਪੱਕਾ ਕਰਨ,ਐਸੋਸੀਏਟ ਟੀਚਰਾਂ ਅਤੇ ਅਸਿਸਟੈਂਟ ਅਸੋਸੀਏਟ ਟੀਚਰਾਂ ਦੇ ਸੇਵਾ ਨਿਯਮ ਬਣਾਉਣ ਲਈ ਕੋਸਿਸ਼ ਕਰਨ ਦਾ ਭਰੋਸਾ ਦਿੱਤਾ ਗਿਆ।ਜੂਨੀਅਰ ਸਹਾਇਕ ਤੋਂ ਸੀਨੀਅਰ ਸਹਾਇਕ ਦੀਆਂ ਕੀਤੀਆਂ 126 ਤਰੱਕੀਆਂ 'ਚ ਰਾਖਵਾਂਕਰਨ ਨੀਤੀ ਅਤੇ ਆਰ ਕੇ ਸੱਭਰਵਾਲ ਜੱਜਮੈਂਟ ਦੀ ਉਲੰਘਣਾ ਦੇ ਮੁੱਦੇ ਤੇ ਸਿੱਖਿਆ ਸਕੱਤਰ ਪੰਜਾਬ ਨੇ ਮੌਕੇ ਤੇ ਫੋਨ ਕਰਕੇ ਇਸ ਨੂੰ ਦਰੁਸਤ ਕਰਨ ਦੇ ਆਦੇਸ਼ ਦਿੱਤੇ। ਸਿੱਖਿਆ ਵਿਭਾਗ ਵੱਲੋਂ ਬਣਾਏ ਜਾਂਦੇ ਸਿੱਧੀ ਭਰਤੀ, ਹੈਡ ਟੀਚਰ, ਸੈਂਟਰ ਹੈਡ ਟੀਚਰ ਆਦਿ ਦੇ ਰੋਸਟਰ ਰਜਿਸਟਰ ਦਰੁਸਤ ਕਰਨ, ਰਿਜਰਵ ਕੈਟਾਗਰੀਆਂ ਦਾ 2016 ਤੋਂ ਬੈਕਲਾਗ ਪੂਰਾ ਕਰਨ ਲਈ ਰਾਖਵਾਂਕਰਨ ਨੀਤੀ ਅਨੁਸਾਰ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਆਪਸੀ ਬਦਲੀ ਲਈ ਪਰਖ ਕਾਲ ਸਮੇਂ ਦੀ ਸ਼ਰਤ ਵਿੱਚ ਛੋਟ ਦੇਣ , ਪਿਛਲੇ ਸਮੇਂ ਪਦਉਨਤ ਹੋਏ ਅਧਿਆਪਕਾਂ ਅਤੇ ਲੈਕਚਰਾਰਾਂ ਨੂੰ ਬਦਲੀਆਂ ਵਿੱਚ ਵਿਸ਼ੇਸ਼ ਮੌਕਾ ਦੇਣ ਦੀ ਸਹਿਮਤੀ ਵੀ ਦਿੱਤੀ ਗਈ। ਜਥੇਬੰਦੀਆਂ ਵੱਲੋਂ ਸਾਰੇ ਕਾਡਰਾਂ ਦੀਆਂ ਪੇਅ ਅਨਾਮਲੀਆਂ ਦੂਰ ਕਰਦੇ ਹੋਏ ਸੈਂਟਰ ਹੈੱਡ ਟੀਚਰ, ਬੀਪੀਈਓ ਨੂੰ ਚੌਥੇ ਪੇਅ ਕਮਿਸ਼ਨ ਅਨੁਸਾਰ ਬਰਾਬਰ ਦਾ ਪੇਅ ਸਕੇਲ ਦੇਣ ਦੀ ਮੰਗ ਕੀਤੀ ਗਈ। ਸਕੱਤਰ ਸਾਹਿਬਾ ਨੇ ਇਹ ਵੀ ਭਰੋਸਾ ਦਿੱਤਾ ਕਿ ਅਧਿਆਪਕਾਂ ਦੇ ਰਹਿੰਦੇ ਮਸਲੇ ਹੱਲ ਕਰਨ ਲਈ ਜਥੇਬੰਦੀਆਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਰੱਖਿਆ ਜਾਵੇਗਾ

ਇਸ ਮੀਟਿੰਗ ਵਿੱਚ ਗੁਰਮੀਤ ਸਿੰਘ ਫਰੀਦਕੋਟ, ਬਲਜੀਤ ਸਿੰਘ ਸੰਗਰੂਰ, ਇੰਦਰਜੀਤ ਸਿੰਘ ਰੋਪੜ ਵੀ ਹਾਜ਼ਰ ਸਨ।

# ਸੋਨੀ ਪਰਿਵਾਰ ਵੱਲੋਂ ਲਗਾਇਆ ਗਿਆ ਮਿੰਨੀ ਜੰਗਲ ਸ਼ਹਿਰ ਵਾਸੀਆਂ ਲਈ ਵਰਦਾਨ - ਸਚਦੇਵਾ

"Equality and justice"
Patiala 28 June
INTERNATIONAL PAPER, 94636 01616
hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਅਜੀਤ ਨਗਰ ਇਸਲਾਮਾਬਾਦ ਦੇ ਪਿੰਡ ਬਜਵਾੜਾ ਦੇ ਐਨਆਰਆਈ ਸੰਦੀਪ ਸੋਨੀ ਵੱਲੋਂ ਆਪਣੀ 3 ਏਕੜ ਜ਼ਮੀਨ 'ਤੇ ਲਗਾਇਆ ਗਿਆ ਮਿੰਨੀ ਜੰਗਲ ਸ਼ਹਿਰ ਵਾਸੀਆਂ ਲਈ ਵਰਦਾਨ ਸਾਬਤ ਹੋਵੇਗਾ। ਇਹ ਗੱਲ ਮਸ਼ਹੂਰ ਸਮਾਜ ਸੇਵਕ ਅਤੇ ਫਿੱਟ ਬਾਈਕਰ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ ਨੇ ਮਿੰਨੀ ਜੰਗਲ ਵਿੱਚ ਬੂਟੇ ਲਗਾਉਂਦੇ ਹੋਏ ਕਹੀ। ਉਨ੍ਹਾਂ ਕਿਹਾ ਕਿ ਇਸ ਜ਼ਮੀਨ 'ਤੇ ਹੁਣ ਤੱਕ ਵੱਖ-ਵੱਖ ਕਿਸਮਾਂ ਦੇ 2 ਹਜ਼ਾਰ ਤੋਂ ਵੱਧ ਪੌਦੇ ਲਗਾਏ ਜਾ ਚੁੱਕੇ ਹਨ। ਪਰਮਜੀਤ ਸਚਦੇਵਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬਹੁਤ ਘੱਟ ਲੋਕ ਹਨ, ਜੋ ਸਮਾਜ ਦੀ ਬਿਹਤਰੀ ਲਈ ਆਪਣੇ ਲੱਖਾਂ ਰੁਪਏ ਲਗਾਉਂਦੇ ਹਨ। ਪਰ ਸੰਦੀਪ ਸੋਨੀ ਵੱਲੋਂ ਕੀਤੇ ਗਏ ਕੰਮ ਨੂੰ ਦੁਨੀਆ ਵਿੱਚ ਸਦਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲਗਭਗ 2 ਸਾਲਾਂ ਵਿੱਚ ਇੱਥੇ ਇੱਕ ਛੋਟਾ ਜਿਹਾ ਜੰਗਲ ਤਿਆਰ ਕੀਤਾ ਜਾਵੇਗਾ ਜੋ ਸ਼ਹਿਰ ਵਾਸੀਆਂ ਨੂੰ ਸ਼ੁੱਧ ਆਕਸੀਜਨ ਪ੍ਰਦਾਨ ਕਰੇਗਾ ਅਤੇ ਲੋਕ ਇੱਥੇ ਆ ਕੇ ਕੁਦਰਤ ਦਾ ਅਨੰਦ ਮਾਣ ਸਕਣਗੇ। ਪਰਮਜੀਤ ਸਚਦੇਵਾ ਨੇ ਕਿਹਾ ਕਿ ਜਿੱਥੇ ਸਾਡਾ ਸਮਾਜ ਤਰੱਕੀ ਕਰ ਰਿਹਾ ਹੈ, ਉੱਥੇ ਸਾਡਾ ਵਾਤਾਵਰਣ ਵੀ ਬਿਮਾਰੀਆਂ ਵਧਣ ਕਾਰਨ ਵਿਗੜ ਰਿਹਾ ਹੈ ਅਤੇ ਅਜਿਹੇ ਵਿੱਚ ਆਮ ਲੋਕਾਂ ਨੂੰ ਸ਼ੁੱਧ ਅਤੇ ਸਾਫ਼ ਆਕਸੀਜਨ ਦੀ ਮੁੱਢਲੀ ਲੋੜ ਹੈ, ਜਿਸ ਨੂੰ ਇਹ ਜੰਗਲ ਪੂਰਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਸੋਨੀ ਪਰਿਵਾਰ ਨੇ ਬਜਵਾੜਾ ਵਿੱਚ ਕੁੜੀਆਂ ਨੂੰ ਸਿਲਾਈ ਦੀ ਸਿਖਲਾਈ ਦੇਣ ਅਤੇ ਫੁੱਟਬਾਲ ਗਰਾਊਂਡ ਬਣਾਉਣ ਲਈ ਇੱਕ ਵੱਡੀ ਪਹਿਲਕਦਮੀ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਗਰਾਊਂਡ 'ਤੇ ਕੁੜੀਆਂ ਲਈ ਫੁੱਟਬਾਲ ਗਰਾਊਂਡ ਬਣਾਇਆ ਗਿਆ ਹੈ, ਉਹ ਵੀ ਸੰਦੀਪ ਸੋਨੀ ਨੇ ਹੀ ਦਿੱਤੀ ਸੀ। ਪਰਮਜੀਤ ਸਚਦੇਵਾ ਨੇ ਕਿਹਾ ਕਿ ਸੋਨੀ ਪਰਿਵਾਰ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਇਸ ਮੌਕੇ ਜਨਰਲ



ਜੇ.ਐਸ. ਢਿੱਲੋਂ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਰਵਿੰਦ ਸਿੰਘ ਧੂਤ, ਅਮਰਦੀਪ ਸਿੰਘ, ਡੀ.ਪੀ.ਈ. ਸਤਿੰਦਰ ਕੁਮਾਰ, ਪ੍ਰਿੰਸੀਪਲ ਰਾਮ ਮੂਰਤੀ ਸ਼ਰਮਾ, ਕੁੰਦਨ ਸਿੰਘ ਕੋਲਕਟ ਆਦਿ ਵੀ ਮੌਜੂਦ ਸਨ।

# ਸੀਟੂ ਸੰਵਿਧਾਨ ਦੇ ਬੁਨਿਆਦੀ ਢਾਂਚੇ ਨਾਲ ਛੇੜਛਾੜ ਵਿਰੁੱਧ ਡੱਟ ਕੇ ਕਰੇਗੀ ਸੰਘਰਸ਼ -ਚੰਦਰ ਸ਼ੇਖਰ

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਸੰਗਰੂਰ,28 ਜੂਨ (ਜਗਸੀਰ ਲੌਂਗੋਵਾਲ) -ਸੀਟੂ ਨੇ ਆਰ. ਐਸ. ਐਸ. ਦੇ ਜਨਰਲ ਸਕੱਤਰ ਦੱਤਾ ਤ੍ਰੇਯ ਹੋਸ਼ ਬੋਲੇ ਵੱਲੋਂ ਦੇਸ਼ ਦੇ ਸੰਵਿਧਾਨ ਪਰੈਂਬਲ( ਮੁੱਖ ਬੰਦ) ਵਿਚੋਂ ਸਮਾਜਵਾਦ ਅਤੇ ਧਰਮ ਨਿਰਪੱਖ ਸ਼ਬਦਾਂ ਨੂੰ ਕੱਢ ਦੇਣ ਦੀ ਮੰਗ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਮਾਣਯੋਗ ਸੁਪਰੀਮ ਕੋਰਟ ਦੀ ਸਭ ਤੋਂ ਵੱਡੀ 13 ਮੈਂਬਰਾਂ ਦੇ ਬੈਂਚ ਨੇ ਹੋਰਨਾਂ ਗੱਲਾਂ ਤੋਂ ਇਲਾਵਾ ਇਨ੍ਹਾਂ ਦੋ ਸਥਾਪਨਾਵਾਂ ਨੂੰ ਵੀ ਭਾਰਤੀ ਸੰਵਿਧਾਨ ਦੇ ਮੂਲ ਢਾਂਚੇ ਵਜੋਂ ਸਥਾਪਿਤ ਕੀਤਾ ਹੈ ਅਤੇ ਇਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਛੇੜ ਛਾੜ ਕਰਨ ਦੀ ਹਮੇਸ਼ਾ ਲਈ ਮਨਾਹੀ ਕੀਤੀ ਹੈ। ਸੀਟੂ ਦੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਹੈਰਾਨੀ ਪ੍ਰਗਟਾਈ ਹੈ ਕਿ ਦਿੱਲੀ ਵਿਖੇ ਅੰਬੇਦਕਰ ਇੰਟਰਨੈਸ਼ਨਲ ਸੈਂਟਰ ਵਿਚ ਜਦੋਂ ਜਨਤਕ ਮੰਚ ਤੋਂ ਆਰ.ਐਸ.ਐਸ ਦੇ ਆਗੂ ਨੇ ਇਹ ਮੰਗ ਕੀਤੀ ਤਾਂ ਉਥੇ ਹੀ ਸਟੇਜ ਉੱਤੇ ਹਾਜ਼ਰ ਕੇਂਦਰੀ ਸੜਕ ਪਰਿਵਹਨ ਮੰਤਰੀ ਨਿਤਿਨ ਗਡਕਰੀ ਦਾ ਚੁੱਪ ਰਹਿਣਾਂ ਵੀ ਨਿੰਦਣਯੋਗ ਹੈ। ਚੰਦਰ ਸ਼ੇਖਰ ਨੇ ਕਿਹਾ ਕਿ ਕਿਉਂ ਕਿ ਭਾਜਪਾ ਤੇ ਆਰ. ਐਸ. ਐਸ.ਸਮਾਜ ਵਿੱਚ ਧਰਮਨਿਰਪੱਖਤਾ ਅਤੇ ਸਮਾਜਵਾਦੀ ਕਦਰਾਂ ਦੇ ਵਿਰੁੱਧ ਹਨ ਅਤੇ ਮਨੂਸਮ੍ਰਿਤੀ ਨੂੰ ਸਥਾਪਿਤ ਕਰਨਾ ਚਾਹੁੰਦੇ ਹਨ। ਇਸ ਲਈ ਸੀਟੂ ਬੁਨਿਆਦੀ ਤੌਰ ਤੇ ਇਸ ਘਿਣਾਉਣੀ ਅਤੇ ਲੋਕ ਵਿਰੋਧੀ ਸੋਚ ਦੇ ਵਿਰੁੱਧ ਸੰਘਰਸ਼ ਕਰਨ ਲਈ ਪ੍ਰਤੀਬੱਧ ਹੋਣ ਦੇ ਨਾਤੇ.ਆਰ.ਐਸ.ਐਸ ਦੇ ਘਾਤਕ ਮਨਸੂਬਿਆਂ ਤੋਂ ਲੋਕਾਂ ਨੂੰ ਸੁਚੇਤ ਕਰਨ ਲਈ ਅਪਣੇ ਯਤਨਾਂ ਨੂੰ ਹੋਰ ਵੀ ਤੇਜ਼ ਕਰੇਗੀ ।

# ਗੁਰਪ੍ਰੀਤ ਕੌਰ ਮਾਨ ਤੇ ਡਿਪਟੀ ਸਪੀਕਰ ਰੌੜੀ ਦੀ ਮੌਜੂਦਗੀ 'ਚ ਸਰਦਾਰ ਬਲਦੀਪ ਸਿੰਘ ਦੀ ਕੀਤੀ ਤਾਜਪੋਸ਼ੀ, ਹਲਕੇ ਦੇ ਲੋਕਾਂ ਵੱਲੋਂ ਭਰਵਾਂ ਸਵਾਗਤ

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ/ਗੜ੍ਹਸ਼ੰਕਰ 28 ਜੂਨ:(ਬਲਵੀਰ ਚੌਂਪੜਾ) ਗੜ੍ਹਸ਼ੰਕਰ ਮਾਰਕਿਟ ਕਮੇਟੀ ਦੇ ਨਵੇਂ ਚੇਅਰਮੈਨ ਸਰਦਾਰ ਬਲਦੀਪ ਸਿੰਘ ਦੀ ਤਾਜਪੋਸ਼ੀ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਮਾਨ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਹਲਕੇ ਦੇ ਲੋਕਾਂ ਨੇ ਇਨ੍ਹਾਂ ਦਾ ਗਰਮਜੋਸ਼ੀ ਨਾਲ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਗੁਰਪ੍ਰੀਤ ਕੌਰ ਮਾਨ ਨੇ ਕਿਹਾ ਕਿ ਸਰਦਾਰ ਬਲਦੀਪ ਸਿੰਘ ਨੇ ਲੰਮੇ ਸਮੇਂ ਤੋਂ ਪਾਰਟੀ ਦੇ ਵਰਕਰ ਵਜੋਂ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕੀਤੀ ਹੈ। ਉਹਨਾਂ ਦੇ ਲੋਕ ਹਿੱਤ ਦੇ ਕੰਮਾਂ ਨੂੰ ਦੇਖਦਿਆਂ ਪਾਰਟੀ ਨੇ ਉਹਨਾਂ ਨੂੰ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਾਇਆ ਹੈ। ਉਹਨੇ ਕਿਹਾ ਕਿ ਆਮ ਵਰਕਰ ਤੋਂ ਚੇਅਰਮੈਨ ਤੱਕ ਦਾ ਸਫਰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਸੰਭਵ ਹੋਇਆ ਹੈ ਕਿਉਂਕਿ ਇਹ ਸਰਕਾਰ ਸਿਰਫ ਆਮ ਲੋਕਾਂ ਦੀ ਹੈ ਜਿਨਾਂ ਨੇ ਨੇ ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਲਈ ਸੱਚੇ ਦਿਲੋਂ ਕਸਮ ਖਾਂਦੀ ਹੈ।

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਵੀ ਸਰਦਾਰ ਬਲਦੀਪ ਸਿੰਘ ਨੂੰ ਚੇਅਰਮੈਨ ਬਣਾਏ ਜਾਣ 'ਤੇ ਵਧਾਈਆਂ ਦਿੰਦਿਆਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਆਮ ਲੋਕਾਂ ਦੀ ਸੇਵਾ ਲਈ ਸਮਰਪਿਤ ਹੈ ਅਤੇ ਪੰਜਾਬ ਦੇ ਵਿਕਾਸ ਲਈ ਨਿਰੰਤਰ ਵਚਨਬੱਧ ਹੈ।

ਇਸ ਸਮਾਗਮ ਵਿੱਚ ਐਮਐਲ ਏ ਦਸੂਹਾ ਸਰਦਾਰ ਕਰਮਬੀਰ ਸਿੰਘ ਘੁੰਮਣ, ਪਾਰਟੀ ਦੇ ਜ਼ਿਲ੍ਹਾ ਪ੍ਰਧਾਨ, ਬਲਾਕ ਪ੍ਰਧਾਨ, ਪੰਚ-ਸਰਪੰਚ ਅਤੇ ਓਐਸਡੀ ਚਰਨਜੀਤ ਸਿੰਘ ਚੰਨੀ ਸਮੇਤ ਕਈ ਜ਼ਿਲ੍ਹਾ ਅਤੇ ਬਲਾਕ ਪੱਧਰੀ ਆਗੂ ਮੌਜੂਦ ਰਹੇ। ਹਲਕੇ ਦੇ ਲੋਕਾਂ ਨੇ ਵੀ ਬਲਦੀਪ ਸਿੰਘ ਨੂੰ ਚੇਅਰਮੈਨ ਬਣਾਏ ਜਾਣ 'ਤੇ ਖੁਸ਼ੀ ਜਤਾਈ ਅਤੇ ਪਾਰਟੀ ਦੀ ਨੀਤੀਆਂ 'ਤੇ ਭਰੋਸਾ ਜਤਾਇਆ।

# ਸਮਾਧੀ ਸ਼ੰਕਰਪੁਰੀ ਵਿਖੇ ਮੇਲਾ ਵਿਆਸ ਪੂਜਾ 3 ਤੋਂ 9 ਜੁਲਾਈ ਤੱਕ

"Equality and justice"
Patiala 28 June
INTERNATIONAL PAPER, 94636 01616
hardipchumber57@gmail.com



ਜ਼ੀਰਾ 28 ਜੂਨ ( ਅੰਗਰੇਜ਼ ਬਰਾੜ ) - ਮੇਲਾ ਵਿਆਸ ਪੂਜਾ ਸਮਾਧੀ ਸ਼ੰਕਰਾਪੁਰੀ ਸਨੇਰ ਰੋਡ ਜ਼ੀਰਾ ਵਿਖੇ ਮਿਤੀ 3 ਜੁਲਾਈ ਤੋਂ 9 ਜੁਲਾਈ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਸਮਾਧੀ ਸ਼ੰਕਰਾਪੁਰੀ ਜ਼ੀਰਾ ਵਿਖੇ ਮੁੱਖ ਸੇਵਾਦਾਰ ਮਹਾਂਮੰਡਲੇਸ਼ਵਰ 1008 ਸੁਆਮੀ ਕਮਲ ਪੁਰੀ ਦੀ ਅਗਵਾਈ ਹੇਠ ਮੇਲਾ ਪ੍ਰਬੰਧਕ ਕਮੇਟੀ ਦੀ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਕਮੇਟੀ ਦੇ ਮੈਂਬਰਾਂ ਨੇ ਭਰਵੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸੁਵਾਮੀ ਕਮਲਪੁਰੀ ਨੇ ਇਕੱਤਰ ਮੈਂਬਰਾਂ ਨੂੰ ਮੇਲਾ ਵਿਆਸ ਪੂਜਾ ਦੀ ਵਧਾਈ ਦਿੰਦਿਆਂ ਕਿਹਾ ਕਿ 3 ਜੁਲਾਈ ਤੋਂ 10 ਜੁਲਾਈ ਤੱਕ ਸ਼੍ਰੀ ਮਦ ਭਗਵਤ ਕਥਾ ਗਿਆਨ ਸਮਾਗਮ ਕਰਵਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਮੈਂਬਰ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜੀਰਾ ਨੇ ਦੱਸਿਆ ਕਿ ਮੇਲਾ ਵਿਆਸ ਪੂਜਾ ਦੇ ਸਬੰਧ ਵਿੱਚ ਸ਼੍ਰੀ ਮੱਧ ਭਗਵਤ ਮਹਾਂਪ੍ਰਾਣ ਗਿਆਨ ਯੱਗ ਸਿੱਧ ਸਮਾਧੀ ਸੁਆਮੀ ਸ਼੍ਰੀ ਸ਼ੰਕਰਾਪੁਰੀ ਧਾਮ ਸਨੇਰ ਰੋਡ ਜ਼ੀਰਾ ਵਿਖੇ ਮਹਾਂ ਮੰਡਲੇਸ਼ਵਰ ਸ਼੍ਰੀ ਸ਼੍ਰੀ 1008 ਸੁਵਾਮੀ ਕਮਲ ਪੁਰੀ ਮਹਾਰਾਜ ਦੀ ਅਗਵਾਈ ਹੇਠ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਿਤੀ 3 ਜੁਲਾਈ ਤੋਂ 9 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 3 ਜੁਲਾਈ ਨੂੰ ਕਥਾ ਆਰੰਭ ਹੋਵੇਗੀ ਅਤੇ 9 ਜੁਲਾਈ ਨੂੰ ਸ਼ੋਭਾ ਯਾਤਰਾ ਕੱਢੀ ਜਾਵੇਗੀ। ਉਪਰੰਤ 10 ਜੁਲਾਈ ਨੂੰ ਹਵਨ ਯੱਗ ਦੋਰਾਨ ਵੈਦ ਮੰਤਰਾ ਨਾਲ ਗੁਰੂ ਪੂਜਾ ਅਤੇ ਭਜਨ ਕੀਰਤਨ ਹੋਣਗੇ। ਇਸ ਮੌਕੇ ਮੀਟਿੰਗ ਵਿੱਚ ਸੁਖਦੇਵ ਬਿੱਟੂ ਵਿੱਜ, ਚਰਨਜੀਤ ਸਿੰਘ ਸਿੱਕੀ, ਜਗਦੇਵ ਸ਼ਰਮਾ, ਜਨਕ ਰਾਜ ਸ਼ਰਮਾ, ਵੀਰ ਸਿੰਘ ਚਾਵਲਾ, ਸੰਦੀਪ ਸ਼ਰਮਾ, ਨੀਲ ਕੰਠ ਸ਼ਰਮਾ ,ਕੇ ਕੇ ਗੁਪਤਾ, ਕੁਲਭੂਸ਼ਣ ਸ਼ਰਮਾ, ਪਵਨ ਕੁਮਾਰ ਲੱਲੀ, ਰਾਮ ਤੀਰਥ ਸ਼ਰਮਾ ,ਸੰਦੀਪ ਗੋਇਲ, ਨਰਿੰਦਰ ਸ਼ਰਮਾ, ਦੀਪਾ ਕੰਡਾ, ਮੰਗਤ ਮੰਗਾ, ਲਖਵਿੰਦਰ ਸ਼ਰਮਾ, ਰਾਮ ਕਿਸ਼ਨ, ਰਾਮ ਕੁਮਾਰ, ਰਵੀ ਕੁਮਾਰ, ਚਾਂਦ ਅਰੋੜਾ, ਅਮਨ ਗਰੇਵਰ ਆਦਿ ਹਾਜ਼ਰ ਸਨ।

# ਪੀਏਯੂ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਝੋਨੇ ਦੀ ਮਸ਼ੀਨੀ ਲਵਾਈ ਦੀ ਖੇਤ ਪ੍ਰਦਰਸ਼ਨੀ ਦਾ ਆਯੋਜਨ

"Equality and justice"
Patiala 28 June
INTERNATIONAL PAPER, 94636 01616
hardipchumber57@gmail.com






ਸੰਗਰੂਰ,28 ਜੂਨ (ਜਗਸੀਰ ਲੌਂਗੋਵਾਲ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਨਿਰਦੇਸ਼ਕ ਪਸਾਰ ਸਿੱਖਿਆ, ਪੀਏਯੂ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸੰਗਰੂਰ ਜ਼ਿਲ੍ਹੇ ਵਿੱਚ ਝੋਨੇ ਦੀ ਮਸ਼ੀਨੀ ਲਵਾਈ ਨੂੰ ਹੁਲਾਰਾ ਦੇਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਫਾਰਮ ਉੱਤੇ ਝੋਨੇ ਦੀ ਮਸ਼ੀਨੀ ਲਵਾਈ ਲਈ ਵਿਧੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ 30 ਅਗਾਂਹਵਧੂ ਕਿਸਾਨਾਂ ਨੇ ਸ਼ਿਰਕਤ ਕੀਤੀ। ਇਸ ਪ੍ਰਦਰਸ਼ਨੀ ਮੌਕੇ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਕਿਸਾਨਾਂ ਨੂੰ ਝੋਨੇ ਦੀ ਮਸ਼ੀਨੀ ਲਵਾਈ ਦੇ ਫ਼ਾਇਦਿਆਂ ਬਾਰੇ ਦੱਸਿਆ ਅਤੇ ਉਹਨਾਂ ਨੂੰ ਲੇਬਰ ਦੀ ਸਮੱਸਿਆ ਦੇ ਹੱਲ ਲਈ ਇਹ ਤਕਨੀਕ ਅਪਨਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਕਿ ਮਸ਼ੀਨੀ ਲਵਾਈ ਨਾਲ ਬੂਟਿਆਂ ਦੀ ਪ੍ਰਤੀ ਵਰਗ ਮੀਟਰ ਗਿਣਤੀ ਹੱਥੀਂ ਲਵਾਈ ਨਾਲੋਂ ਵੱਧ ਹੋਣ ਕਾਰਣ ਝੋਨੇ ਦਾ ਪ੍ਰਤੀ ਏਕੜ ਝਾੜ ਵੀ ਵੱਧ ਨਿਕਲਦਾ ਹੈ ਅਤੇ ਨਾਲ ਹੀ ਸਾਰੀ ਲਵਾਈ ਲਾਈਨਾਂ ਵਿੱਚ ਹੋਣ ਕਾਰਨ ਖੇਤ ਵਿੱਚ ਇਕਸਾਰ ਹਵਾ ਪੈਂਦੀ ਹੈ। ਜਿਸ ਨਾਲ ਫ਼ਸਲ ਵਿੱਚ ਬਿਮਾਰੀ ਘੱਟ ਆਉਂਦੀ ਹੈ ਅਤੇ ਕੀਟਨਾਸ਼ਕਾਂ ਦਾ ਖਰਚਾ ਵੀ ਘਟਦਾ ਹੈ। ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਨੇ ਕਿਸਾਨਾਂ ਨੂੰ ਕੇਵੀਕੇ ਉੱਤੇ ਤਿਆਰ ਕੀਤੀ ਹੋਈ ਝੋਨੇ ਦੀ ਮੈਟ ਟਾਈਪ ਨਰਸਰੀ ਦਿਖਾਉਂਦੇ ਹੋਏ ਇਸ ਨੂੰ ਤਿਆਰ ਕਰਨ ਦੀ ਪੂਰੀ ਵਿਧੀ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਇਹ ਪਨੀਰੀ ਤਿਆਰ ਕਰਨ ਲਈ ਪੀਏਯੂ ਮੈਟ ਟਾਈਪ ਨਰਸਰੀ ਸੀਡਰ ਬਾਰੇ ਵੀ ਦੱਸਿਆ। ਇਸ ਤੋਂ ਬਾਅਦ ਕਿਸਾਨਾਂ ਨੂੰ ਝੋਨੇ ਦੀ ਮਸ਼ੀਨੀ ਲਵਾਈ ਵਾਲੀ ਮਸ਼ੀਨ ਉੱਪਰ ਬੈਠ ਕੇ ਝੋਨਾ ਲਾਉਣ ਵਾਲੀ ਮਸ਼ੀਨ ਨੂੰ ਵਰਤਣ ਦੇ ਢੰਗ ਬਾਰੇ ਦੱਸਿਆ ਗਿਆ ਅਤੇ ਮਸ਼ੀਨੀ ਲਵਾਈ ਕਰ ਕੇ ਵੀ ਦਿਖਾਈ ਗਈ। ਹੋਰ ਜਾਣਕਾਰੀ ਦਿੰਦਿਆਂ ਡਾ. ਮਨਦੀਪ ਸਿੰਘ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਇਸ ਸਾਲ ਪੀਏਯੂ ਮੈਟ ਟਾਈਪ ਨਰਸਰੀ ਸੀਡਰ ਨਾਲ ਜ਼ਿਲ੍ਹਾ ਸੰਗਰੂਰ ਦੇ ਕਈ ਪਿੰਡਾਂ ਜਿਵੇਂ ਕਿ ਪੰਨਵਾ, ਫ਼ਤਹਿਗੜ੍ਹ ਭਾਦਸੋਂ, ਕਾਕੜਾ, ਆਲੋਅਰਖ, ਸਕਰੋਦੀ, ਚੱਠਾ ਨਕਟਾ, ਲਖਮੀਰਵਾਲਾ ਅਤੇ ਘਾਬਦਾਂ ਵਿੱਚ ਮੈਟ ਟਾਈਪ ਨਰਸਰੀ ਦੀਆਂ 30 ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਹਨ। ਇਸ ਮੌਕੇ ਸ. ਜਸ਼ਨਦੀਪ ਸਿੰਘ ਸਿੱਧੂ, ਸ. ਜਗਦੀਪ ਸਿੰਘ, ਸ. ਗੁਰਮੀਤ ਸਿੰਘ, ਸ. ਦਰਬਾਰਾ ਸਿੰਘ, ਸ. ਚਮਕੌਰ ਸਿੰਘ, ਸ. ਤਰਸੇਮ ਸਿੰਘ, ਸ. ਸੁਖਵਿੰਦਰ ਸਿੰਘ, ਸ. ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਕਾਰ ਅਤੇ ਮਹਿੰਦਰਾ ਪਿਕਅਪ ਗੱਡੀ ਦਰਮਿਆਨ ਵਾਪਰੇ ਹਾਦਸੇ ਵਿੱਚ 17 ਜ਼ਖਮੀ 3 ਦੀ ਮੌਤ,

"Equality and justice"
Patiala 28 June
INTERNATIONAL PAPER, 94636 01616
hardipchumber57@gmail.com





